ਕੁਰਾਨ ਸ਼ਰੀਫ਼

ਦੀਆਂ

ਗੁਰਬਾਣੀ

ਨਾਲ ਮਿਲਦੀਆਂ ਆਇਤਾਂ

-ਅਕਾਲੀ ਕੌਰ ਸਿੰਘ

ਸੰਪਾਦਕ

ਡਾ. ਜਸਬੀਰ ਸਿੰਘ ਸਰਨਾ

ਕੁਰਾਨ ਸ਼ਰੀਫ਼ ਦੀਆਂ ਗੁਰਬਾਣੀ ਨਾਲ ਮਿਲਦੀਆਂ ਆਇਤਾਂ

–ਅਕਾਲੀ ਕੌਰ ਸਿੰਘ

ਸੰਪਾਦਕ
ਡਾ. ਜਸਬੀਰ ਸਿੰਘ ਸਰਨਾ

Quran Sharif Dian Gurbani Nal Mildian Aaitan

By : Akali Kaur Singh

Dr. Jasbir Singh Sarna (Editor)

Email : jbsingh.801@gmail.com

ISBN : 978-81-86741-40-5

First Print : 2019

Price : 200/-

Published by :

Sant and Singh Publisher

Jammu & Kashmir

Type, Setting & Printing :


Shaheed-e-Azam Press & Hospitality Pvt. Ltd.

Sco-3-4, Chowk Dukhniwaran Sahib,

Sirhind Road, Patiala (Pb.) INDIA

Mob. : 0175-2357981, 098146-32807

ਸਮਰਪਣ



ਸਿੱਖਾਂ ਦੇ ਧੁਰੰਤਰ ਵਿਦਵਾਨ ਤੇ
ਰੋਸ਼ਨ ਦਿਮਾਗ ਅਕਾਲੀ ਕੌਰ ਸਿੰਘ
ਨਿਹੰਗ ਜੀ
ਨੂੰ

'ਹਰ ਘੜੀ ਅਫ਼ਲਾਕ ਪਰ ਰਹਿਤੀ ਹੈ ਤੇਰੀ ਗੁਫ਼ਤਗੂ
ਕਿਯਾ ਨਹੀਂ ਮੁਮਕਿਨ ਕਿਹ ਤੇਰਾ ਚਾਕ-ਏ-ਦਾਮਨ ਹੋ ਰਫ਼ੂ'

ਤਤਕਰਾ

ਦੀਦਾਰੀ ਹਰਫ਼

ਕੁਰਾਨ ਸ਼ਰੀਫ਼ ਇਲਾਹੀ ਬਾਣੀ ਹੈ ਜੋ ਹਜ਼ਰਤ ਮੁਹੰਮਦ ਸਾਹਿਬ ਰਾਹੀਂ ਮੁਸਲਮਾਨਾਂ ਕੋਲ ਪੁੱਜੀ ਹੈ। ਕੁਰਾਨ (ਕੁਰ-ਆਨ) ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅੱਖਰੀ ਅਰਥ 'ਪੜ੍ਹਨਾ', 'ਸਮਝਾ ਕੇ ਦੱਸਣਾ' ਅਤੇ 'ਭਾਸ਼ਨ ਕਰਨਾ' ਹਨ। ਅਜੋਕੇ ਸਮੇਂ ਇਹ ਇਲਹਾਮੀ ਪੁਸਤਕ ਹੈ। ਕੁਰਾਨ ਦੇ ਲੇਖ ਅਤੇ ਮੁਸਲਮਾਨਾਂ ਦੇ ਵਿਸ਼ਵਾਸ ਅਨੁਸਾਰ ਖ਼ੁਦਾ ਵੱਲੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਮੱਕਾ ਅਤੇ ਮਦੀਨਾ ਵਿੱਚ ਪ੍ਰਾਪਤ ਹੋਇਆ। ਕੁਰਾਨ 23 ਵਰ੍ਹੇ ਵਿੱਚ ਮੁਹਮੰਦ ਸਾਹਿਬ ਨੂੰ ਉਤਰਦਾ ਰਿਹਾ ਹੈ। ਇਹ ਵਰ੍ਹੇ ਸਨ 22 ਦਸੰਬਰ 609 ਸੀ.ਈ. ਤੋਂ ਲੈ ਕੇ 632 ਸੀ.ਈ. ਤੱਕ। ਇਹ ਕੁਰਾਨ ਉਤਰਦਾ ਰਿਹਾ ਕਦੇ ਫਰਿਸ਼ਤਾ ਜਿਬਰਾਈਲ ਦੀ ਮਾਰਫ਼ਤ, ਕਦੋ ਸੁਪਨੇ ਵਿੱਚ, ਕਦੇ ਮੁਹੰਮਦ ਸਾਹਿਬ ਨੂੰ ਅਸਮਾਨ ਤੋਂ ਆਵਾਜ਼ ਆਉਂਦੀ ਹੁੰਦੀ ਸੀ। ਸਾਰੇ ਮੁਸਲਮਾਨਾਂ ਲਈ ਇਹ ਅੱਲਾਹ ਦਾ ਕਲਾਮ (ਬਚਨ) ਹੈ ਅਤੇ ਇਸ ਦੇ ਹਰ ਅੱਖਰ, ਸ਼ਬਦ ਅਤੇ ਅਰਥ ਨੂੰ ਰੱਬੀ ਮੰਨਿਆ ਜਾਂਦਾ ਹੈ।

ਕੁਰਾਨ ਅਰਬੀ ਭਾਸ਼ਾ ਦੀ ਕਲਾਤਮ ਗੱਦ ਵਿੱਚ ਹੈ। ਇਸ ਦੇ ਵੱਡੇ ਛੋਟੇ 114 ਅਧਿਆਇ (ਸੂਰਾ) ਹਨ, ਜਿਨ੍ਹਾਂ ਦੇ ਕੁੱਲ 80 ਹਜ਼ਾਰ ਸ਼ਬਦ ਹਨ।ਇਸ ਦੇ ਅਧਿਆਇ ਨੂੰ ਸੂਰਾ, ਸਰੂਹ ਜਾਂ ਸੂਰਤ ਆਖਦੇ ਹਨ। 93 ਸੂਰਤਾਂ ਹਜ਼ਰਤ ਮੁਹੰਮਦ ਸਾਹਿਬ ਉੱਤੇ ਮੱਕੇ ਨਗਰ ਵਿੱਚ ਨਾਜ਼ਿਲ ਹੋਈਆਂ ਜਾਂ ਉਤਰੀਆਂ ਸਨ, ਇਸ ਲਈ ਉਨ੍ਹਾਂ ਨੂੰ 'ਮੱਕੀ ਸੂਰਤਾਂ' ਆਖਦੇ ਹਨ ਅਤੇ ਬਾਕੀ 21 ਮਦੀਨੇ ਨਗਰ ਵਿੱਚ ਨਾਜ਼ਿਲ ਹੋਈਆਂ, ਜਿਸ ਕਾਰਨ 'ਮਦਨੀ ਸੂਰਤਾਂ' ਕਰ ਕੇ ਪ੍ਰਸਿੱਧ ਹਨ। ਹਜ਼ਰਤ ਮੁਹੰਮਦ ਸਾਹਿਬ ਦਾ ਇਹ ਦਾਵਾ ਸੀ ਅਤੇ ਹਰ ਮੁਸਲਮਾਨ ਦਾ ਇਹ ਵਿਸ਼ਵਾਸ ਹੈ ਕਿ ਕੁਰਾਨ ਵਿੱਚ ਈਸ਼ਵਰ ਵੱਲੋਂ ਮਨੁੱਖ ਨੂੰ ਭੇਜੇ ਗਏ ਆਦੇਸ਼ ਹਨ। ਹਰ ਮੁਸਲਮਾਨ ਉਸ ਨੂੰ ਇਲਾਹੀ ਸਮਝ ਕੇ ਹੀ ਪੜ੍ਹਦਾ ਹੈ ਅਤੇ ਇਸ ਦੇ ਇਲਾਹੀ ਹੋਣ ਤੋਂ ਕਿੰਤੂ ਨਹੀਂ ਕਰਦਾ।ਇਸ ਮਹਾਨ ਪੁਸਤਕ ਵਿੱਚ ਪ੍ਰਮਾਤਮਾ ਨੇ ਮਨੁੱਖ ਨੂੰ ਜੀਵਨ ਬਿਤਾਉਣ ਦਾ ਠੀਕ ਮਾਰਗ ਦੱਸਿਆ ਹੈ। ਪੈਗੰਬਰ ਮੁਹੰਮਦ ਸਾਹਿਬ ਦੀ ਮਿਰਤੂ ਤੋਂ 20 ਵਰ੍ਹੇ ਬਾਅਦ ਖ਼ਲੀਫ਼ਾ ਉਸਮਾਨ ਦੇ ਕਾਲ ਵਿੱਚ ਇਹ ਸਾਰੀਆਂ ਆਇਤਾਂ ਲੋਕਾਂ ਪਾਸ, ਕਿਸੇ ਪਾਸ ਥੋੜੀ ਕਿਸੇ ਪਾਸ ਵੱਧ, ਬਿਖਰੀ ਹੋਈਆਂ ਸਨ। ਉਸੇ ਦੇ ਸਮਾਂ ਇਨ੍ਹਾਂ ਨੂੰ ਇੱਕਠੀ ਕਰ ਕੇ ਇਕ ਪੁਸਤਕ ਦੇ ਰੂਪ ਵਿੱਚ ਸੰਕਲਿਤ ਕੀਤੀ ਗਈ। ਪ੍ਰਮਾਣਿਕ ਬਾਣੀ ਦਾ ਪਾਠ ਕੀਤਾ ਜਾ ਸਕੇ। 30 ਕੁ ਵਰ੍ਹੇ ਬਾਅਦ ਇਰਾਕ ਦੇ ਗਵਰਨਰ ਪਾਲ ਹਕੱਜ ਨੇ ਇਸ ਸੰਕਲਨ ਦਾ ਤਕਨੀਕੀ ਤੌਰ ਤੇ ਸੁਧਾਰ ਕੀਤਾ। ਇਸ ਦੀ ਸਿੱਖਿਆ ਦੇ ਵਿਚਾਰ ਅਤੇ ਵਿਵਹਾਰ ਪੱਖ ਤੇ ਅਰਬ ਸੰਸਕ੍ਰਿਤੀ ਅਤੇ ਯਹੂਦੀ ਧਰਮ ਦੇ ਤੱਤਵਾ ਦਾ ਪ੍ਰਭਾਵ ਮੰਨਿਆ ਜਾਂਦਾ ਹੈ।ਪੈਗੰਬਰ ਸਾਹਿਬ ਦੀ ਮੌਤ ਤੋਂ ਦੂਜੇ ਵਰ੍ਹੇ ਜਦੋਂ ਇਮਾਮੀ ਲੜਾਈ ਵਿੱਚ ਬਹੁਤ ਸਾਰੇ ਹਾਫ਼ਿਜ਼, ਜਿਨ੍ਹਾਂ ਨੇ ਸਾਰੇ ਕੁਰਾਨ ਸ਼ਰੀਫ਼ ਨੂੰ ਜ਼ੁਬਾਨੀ ਯਾਦ ਕੀਤੀ ਸੀ, ਮਾਰੇ ਗਏ ਤਾਂ ਪੂਰੇ ਦਾ ਪੂਰੇ ਕੁਰਾਨ ਸ਼ਰੀਫ਼ ਨੂੰ ਇਕ ਥਾਂ ਇਕੱਠਾ ਕਰਨ ਦਾ

ਖ਼ਿਆਲ ਪੈਦਾ ਹੋਇਆ। ਹਜ਼ਰਤ ਅਬੂਬਕਰ ਸਿੱਦੀਕ ਨੇ ਇਹ ਪਵਿੱਤਰ ਕੰਮ ਕਰਵਾਇਆ, ਇਹੋ ਰੂਪ ਅੱਜ ਪਰਚੱਲਤ ਹੈ।ਕੁਰਾਨ ਸ਼ਰੀਫ਼ ਵਿੱਚ 3,23,621 ਅੱਖਰ, 77,934 ਸ਼ਬਦ, 6,236 ਆਇਤਾਂ ਅਤੇ 114 ਸੂਰਤਾਂ ਹਨ। (ਵੇਖੋ : ਹਿੰਦੀ ਵਿਸ਼ਵ ਕੋਸ਼)

ਕੁਰਾਨ ਸ਼ਰੀਫ਼ ਸਰਬ ਵਿਆਪੀ, ਸਰਬ ਸ਼ਕਤੀਮਾਨ, ਅਗਮ ਤੇ ਅਗੋਚਰ ਪ੍ਰਮਾਤਮਾ ਦੀ ਬਾਣੀ ਹੈ। ਇਸ ਵਿੱਚ ਪ੍ਰਮਾਤਮਾ ਦੀਆਂ ਬਖਸ਼ਿਸ਼ਾਂ, ਗੁਣਾਂ, ਵਿੱਦਿਆ ਦਾ ਖ਼ਜ਼ਾਨਾ, ਆਦਮੀ ਦੀਆਂ ਲੋੜਾਂ ਅਤੇ ਸ੍ਰਿਸ਼ਟੀ ਰਚਨਾ ਬਾਰੇ ਵਿਸਥਾਰ ਨਾਲ ਜਾਣਕਾਰੀ ਮੁਹੀਆ ਕੀਤੀ ਗਈ ਹੈ। ਕੁਰਾਨ ਸ਼ਰੀਫ਼ ਹੁਣ ਤੱਕ ਦੇ ਧਾਰਮਿਕ ਗ੍ਰੰਥਾਂ ਵਿਚੋਂ ਸਭ ਤੋਂ ਘੱਟ ਸਮੇਂ ਵਿੱਚ ਪੜ੍ਹਿਆ ਜਾ ਸਕਣ ਵਾਲਾ ਗ੍ਰੰਥ ਹੈ, ਪਰ ਸੰਸਾਰ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਂਦਾ ਹੈ। ਇਸ ਦੀ ਭਾਸ਼ਾ ਵਿੱਚ ਲੈਅ ਅਤੇ ਰਵਾਨੀ ਹੈ। ਨਮਾਜ਼ ਵਿੱਚ ਪੜ੍ਹਨ ਤੋਂ ਇਲਾਵਾ ਇਹ ਧਾਰਮਿਕ ਅਤੇ ਵਿਦਿਅਕ ਸਥਾਨਾਂ ਤੇ ਵੀ ਪੜ੍ਹਿਆ ਜਾਂਦਾ ਹੈ।

ਕੁਰਾਨ ਸ਼ਰੀਫ਼ ਦੀਆਂ ਸੂਰਤਾਂ ਦੇ ਮੁੱਢ ਵਿੱਚ ਕਿਤੇ- ਕਿਤੇ ਅਲਿਫ਼, ਲਾਮ, ਮੀਮ ਆਦਿ ਅੱਖਰ ਆਉਂਦੇ ਹਨ, ਜਿਨ੍ਹਾਂ ਦੇ ਅਰਥ ਕਈ ਵਿਦਵਾਨ ਆਪਣੇ ਢੰਗ ਨਾਲ ਕਰਦੇ ਹਨ ਪਰ ਕਈ ਕਹਿੰਦੇ ਹਨ ਕਿ ਇਸ ਦੇ ਅਰਥ 'ਖ਼ੁਦਾ' ਨੂੰ ਹੀ ਪਤਾ ਹਨ।

ਕੁਰਾਨ ਸ਼ਰੀਫ਼ ਦੇ ਪੂਰੇ ਸੰਸਾਰ ਵਿੱਚ 114 ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੇ ਹਲ। ਇਨ੍ਹਾਂ ਵਿੱਚ ਅੰਗ੍ਰੇਜ਼ੀ, ਫ਼ਰਾਂਸੀਸੀ, ਜਰਮਨ, ਚੀਨੀ, ਰੂਸੀ, ਉਰਦੂ, ਗੁਜਰਾਤੀ, ਕਨਾੜਾ, ਮਲਾਇਲਮ, ਮੰਨੀਪੁਰੀ, ਪਸ਼ਤੋ, ਫ਼ਾਰਸੀ, ਸਿੰਧੀ, ਤਾਮਲ, ਤਿਲਗੂ, ਬੰਗਾਲੀ, ਮਰਾਠੀ, ਹਿੰਦੀ, ਪੰਜਾਬੀ ਆਦਿ ਵੀ ਸ਼ਾਮਲ ਹਨ। ਪੰਜਾਬੀ (ਗੁਰਮੁੱਖੀ ਅਤੇ ਸ਼ਾਹਮੁਖੀ) ਵਿੱਚ ਜੋ ਕੁਰਾਨ ਸ਼ਰੀਫ਼ ਦੇ ਅਨੁਵਾਦ ਹੋਏ ਹਨ, ਉਹ ਇਸ ਤਰਾਂ ਹਨ:-

- ਤਫ਼ਸਰੀ ਮੁਹੰਮਦੀ- ਹਾਫ਼ਜ਼ ਮੁਹੰਮਦ ਮੁਬਾਰਮ ਅੱਲਾ- 1870 ਈ.
- ਤਰਜ਼ਮਾ - ਹਦਾਇਤ ਉਲਾ ਗਲਜ਼ਾਈ - 1887 ਈ. (ਲਾਹੌਰ)
- ਤਰਜ਼ਮਾ - ਸ਼ਮਸ ਅਲਦੀਨ ਬੁਖ਼ਾਰੀ - 1894 ਈ. (ਅੰਮ੍ਰਿਤਸਰ)
- ਤਰਜ਼ਮਾ - ਫ਼ੀਰੋਜ-ਉਹ-ਦੀਨ- 1903 ਈ. (ਅੰਮ੍ਰਿਤਸਰ)
- ਤਰਜ਼ਮਾ - ਗਿ. ਗੁਰਦਿੱਤ ਸਿੰਘ - 1911ਈ.
  (ਐਡੀਟਰ 'ਨਿਰਮਲ ਪੱਤ੍ਰ)
- ਤਰਜ਼ਮਾ - ਮੁਹੰਮਦ ਯੂਸਫ਼ - 1932 ਈ.
  (ਐਡੀਟਰ 'ਨੂਰ' ਅਖ਼ਬਾਰ) (ਦੂਜੀ ਛਾਪ 1940-41 ਈ.)
- ਕੁਰਾਨ ਸ਼ਰੀਫ਼ ਕਾ ਪੰਜਾਬੀ ਤਰਜ਼ਮਾ - ਮੁਹੰਮਦ ਯਾਕੂਬ ਅਮਜਦ (ਗੁਜ਼ਰਾਤ)-?

- ਕੁਰਾਨ ਕਰੀਮ ਕਾ ਪੰਜਾਬੀ ਤਰਜਮਾ- ਸ਼ਰੀਫ਼ ਕੁੰਜਾਈ-?
- ਤਰਜਮਾ - ਹਾਫ਼ਜ਼ ਮੁਹੰਮਦ (ਲਖੋਕੇ) - ?
- ਤਰਜਮਾ - ਗਿਆਨੀ ਅਬਾਦੁੱਲਾਹ - 1983 ਈ . (2009 ਈ.)
- ਤਰਜਮਾ - ਪੰਜਾਬੀ ਅਦਬੀ ਲਹਿਰ, ਲਾਹੌਰ - 1986 ਈ.)
- ਤਰਜਮਾ- ਮੌਲਾਨਾ ਹਦਾਇਤ ਉੱਲਾ - ?
- ਕੁਰਾਨ ਕਰੀਮ ਦਾ ਜਦੀਦ ਤਰਜਮਾ ਪੰਜਾਬੀ - ਤੋਕਹਿ ਰਹਿਮਾਨ ਖਾਨ - 2007 (2009-2011)

ਕੁਰਾਨ ਸ਼ਰੀਫ਼ ਦਾ ਅਧਿਐਨ ਕਰਦਿਆਂ ਇਹ ਸਿੱਟਾ ਸਾਹਮਣਾ ਆਉਂਦਾ ਹੈ ਕਿ ਇਸਲਾਮ ਬੜਾ ਵਿਸ਼ਾਲ ਧਰਮ ਹੈ ਜਿਸ ਵਿੱਚ ਦੂਜੇ ਧਰਮਾਂ ਦਾ ਬੜਾ ਸਤਿਕਾਰ ਕੀਤਾ ਗਿਆ ਹੈ। ਅਜੋਕੇ ਸੰਦਰਭ ਵਿੱਚ ਮੈਂ ਕੁੱਝ ਚੋਣਵੇਂ ਹਵਾਲੇ ਤੁਹਾਡੇ ਰੂਬਰੂ ਕਰਦਾ ਹਾਂ:

- ਧਰਮ ਵਿੱਚ ਕੋਈ ਜਬਰ ਨਹੀਂ। (ਬਕਰਹ-257)
- ਜੋ ਚਾਹੇ ਇਮਾਨ ਲਿਆਏ ਅਤੇ ਜੋ ਚਾਹੇ ਨਾਂਹ ਕਰ ਦੇਵੇ। (ਕਹਫ਼-30)
- ਤੁਹਾਡੇ ਲਈ ਤੁਹਾਡਾ ਧਰਮ ਹੈ ਅਤੇ ਸਾਡੇ ਲਈ ਸਾਡਾ ਧਰਮ। (ਕਾਫ਼ਿਰੂਨ-7)
- ਅੱਲਾਹ ਅਜਿਹੇ ਚਮਤਕਾਰ ਨਹੀਂ ਚਾਹੁੰਦਾ ਜੋ ਲੋਕਾਂ ਨੂੰ ਜਬਰਨ ਮੋਮਿਨ ਬਣਾਏ। (ਸੁਆਰਾ-5)
- ਇਸਲਾਮ ਵਿੱਚ ਜਬਰ ਨਹੀਂ। (ਕਾਫ਼-46)
- ਗਵਾਢੀਆਂ ਅਤੇ ਮਤਹਿਤਾਂ ਨਾਲ ਚੰਗਾ ਵਰਤਾਵ ਕਰਨਾ। (ਨਿਸਾ-37)
- ਯਾਤਰੀਆਂ ਨਾਲ ਚੰਗਾ ਵਰਤਾਵ ਕਰਨਾ। (ਬਕਰਹ-178, ਬਨੀ ਇਸਰਾਈਲ-27), ਰੂਮ-39)
- ਲੋਕਾਂ ਨਾਲ ਮਿਲਵਰਤਨਾ ਨਾਲ ਗੱਲਾਂ ਕਰੋ। (ਬਕਰਹ-84)
- ਅੱਲਾਹ ਬੇਈਮਾਨੀ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ। (ਨਿਸਾ-108)
- ਅੱਖਾਂ ਨਾਲ ਬੇਈਮਾਨੀ। (ਮੋਮਿਨ-20)
- ਖ਼ਿਆਨਤ ਕਰਨ ਵਾਲਿਆਂ ਦਾ ਪੱਖ ਲੈਣ ਦੀ ਮਨਾਹੀ। (ਨਿਸਾ-106)
- ਧਰਮ ਬਾਰੇ ਜਬਰ ਉਚਿੱਤ ਨਹੀਂ।(ਫ਼ਾਤਿਰ-25, ਬਕਰਹ-257, ਆਰਾਫ਼-89, ਯੂਨਸ-100), ਹੂਦ-29, ਕਹਫ਼-30)
- ਵੈਰੀ ਨਾਲ ਵੀ ਪੂਰਨ ਨਿਆਂ ਦੀ ਸਿੱਖਿਆ। (ਮਾਇਦਹ-9)
- ਦੂਜੇ ਧਰਮ ਨਾਲ ਨਿਆਂ ਦੀ ਸਿੱਖਿਆ। (ਅਨਮਾਮ-109)
- ਪੁਰ ਅਮਨ ਗੈਰ-ਮੁਸਲਮਾਨਾਂ ਲਈ ਨਿਆਂ ਦੀ ਸਿੱਖਿਆ। (ਮੁਮਤਹਿਨਾ-9)

- ਸ਼ਰਾਬ ਤੋਂ ਬਚਣ ਦੇ ਆਦੇਸ਼। (ਮਾਇਦਹ-91)
- ਇਕ ਮਨੁੱਖ ਨੂੰ ਕਤਲ ਕਰਨਾ ਸਾਰੀ ਮਨੁੱਖਤਾ ਨੂੰ ਮਾਰਨ ਸਮਾਨ ਹੈ। (ਮਾਇਦਹ-33)
- ਜਾਣ-ਬੁਝ ਕੇ ਮਾਰਨ ਦੀ ਸਜ਼ਾ। (ਬਕਰਹ-179)
- ਕਿਸੇ ਨੂੰ ਮਾਰਨ ਦੀ ਮਨਾਹੀ। (ਬਨੀ ਇਸਰਾਈਲ-34)

ਅਜਿਹੇ ਅਨੇਕਾਂ ਹੀ ਹਵਾਲੇ ਕੁਰਾਨ ਸ਼ਰੀਫ਼ ਵਿੱਚ ਦਰਜ ਹਨ, ਜਿਨ੍ਹਾਂ ਤੋਂ ਮਨੁੱਖਤਾ ਲਈ ਚਾਨਣਮੁਨਾਰੇ ਦਾ ਕੰਮ ਕਰਦੇ ਹਨ। ਕੁਰਾਨ ਸ਼ਰੀਫ਼ ਵਿੱਚ ਕਸ਼ਮੀਰ ਬਾਰੇ ਵੀ ਇੱਕ ਥਾਂ ਸੰਕੇਤ ਕੀਤਾ ਮਿਲਦਾ ਹੈ। ਹਜ਼ਰਤ ਈਸਾ ਨਾਲ ਹਿਜਰਤ ਦਾ ਸੰਕੇਤ 'ਸੂਰਤ ਮੋਮਿਨੂਨ' ਵਿਚ ਇਸ ਤਰ੍ਹਾਂ ਆਇਆ ਹੈ : "ਅਸੀਂ 'ਮਰੀਅਮ' ਦੇ ਪੁੱਤਰ 'ਈਸਾ' ਤੇ ਉਸ ਦੀ ਮਾਂ ਨੂੰ ਇਕ ਚਮਤਕਾਰ ਬਣਾਇਆ, ਅਤੇ ਅਸੀਂ ਉਹਨਾਂ ਦੋਹਾਂ ਨੂੰ ਇੱਕ ਉੱਚੇ ਅਸਥਾਨ ਤੇ ਉਟ ਦਿੱਤੀ ਸੀ, ਜੋ ਠਹਿਰਣ ਦੇ ਯੋਗ ਤੇ ਵਗਦੇ ਪਾਣੀਆਂ ਵਾਲਾ ਸੀ। 51 (ਰਕੂਅ-3/3) ਤਵਾਰੀਖ਼ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਉੱਚੀ ਥਾਂ ਕਸ਼ਮੀਰ ਸੀ। ਬਾਈਬਲ, ਯਹੂਦੀਆਂ ਤੇ ਹਿੰਦੂਆਂ ਦੇ ਇਤਿਹਾਸ ਤੋਂ ਵੀ ਇਸ ਦੀ ਪੁਸ਼ਟੀ ਹੁੰਦੀ ਹੈ।

ਅਕਾਲੀ ਕੌਰ ਸਿੰਘ ਨਿਹੰਗ ਸਰਬੰਗੀ ਸਾਹਿਤਕਾਰ ਅਤੇ ਧੁਰੰਤਰ ਵਿਦਵਾਨ ਸਨ। ਇਸ ਮਹਾਨ ਗੁਰਸਿੱਖ ਚਿੰਤਨ ਨੇ ਰਿਆਸਤ ਦੇ ਸਿੱਖਾਂ ਵਾਸਤੇ ਬੜੀਆਂ ਘਾਲਨਾਵਾਂ ਘਾਲੀਆਂ ਹਨ। ਕਸ਼ਮੀਰ ਦੇ ਚਕਾਰ ਨੱਗਰ ਦੇ ਪਿੰਡ ਪੱਧਰ ਵਿੱਚ 11 ਫੱਗਣ 1943 (ਬਿਕਰਮੀ) 1886 ਈ. ਨੂੰ ਸ੍ਰ: ਮਹਾਂ ਸਿੰਘ ਦੇ ਘਰ ਮਾਤਾ ਕਰਮ ਕੌਰ ਦੀ ਕੁੱਖੋਂ ਇਨ੍ਹਾਂ ਦਾ ਜਨਮ ਹੋਇਆ। ਗਿ. ਬੁੱਧ ਸਿੰਘ, ਅਕਾਲੀ ਦੇ ਬਜ਼ੁਰਗਾਂ ਬਾਰੇ ਲਿਖਦੇ ਹਨ, "ਆਪ ਦੇ ਬਜ਼ੁਰਗਾਂ ਦਾ ਇਹ ਪਤਾ ਮਿਲਦਾ ਹੈ ਕਿ ਯਾਰ੍ਹਵੀ ਸਦੀ ਵਿੱਚ ਮਹਿਮੂਦ ਗਜ਼ਨਵੀ ਦੇ ਉਜਾੜੇ ਹੋਏ ਮਥੱਰਾ ਤੋਂ ਗੜ੍ਹ ਮਖਿਆਲੇ ਆਏ। ਫ਼ਿਰ ਇਥੋਂ ਰੈਨਾਵਾੜੀ (ਕਸ਼ਮੀਰ) ਵਿੱਚ ਕੁੱਝ ਸਮਾਂ ਬਤੀਤ ਕਰਕੇ, ਮਗਰੋਂ ਪੱਧਰ (ਚਕਾਰ) ਵਿੱਚ ਆ ਵਸੇ ਉਨ੍ਹਾਂ ਵਿੱਚੋਂ ਇਕ ਭਾਈ ਅਮੋਲਕ ਸਿੰਘ ਜੀ ਬੜਾ ਉਚ ਕਰਨੀ ਵਾਲਾ ਮਹਾਂਪੁਰਸ਼ ਹੋਇਆ ਹੈ। ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। (ਚੌਣਵੇਂ ਰਤਨ, ਅੰਕ:229)

ਇਸੇ ਦੀ ਸੱਤਵੀਂ ਪੁਸ਼ਤੋਂ ਭਾਈ ਮਹਾਂ ਸਿੰਘ ਜੀ ਬੜੇ ਉਚ ਜੀਵਨ ਵਾਲੇ ਗੁਰਸਿੱਖ ਹੋਏ ਹਨ, ਜੋ ਅਕਾਲੀ ਜੀ ਦੇ ਪਿਤਾ ਜੀ ਸਨ। 'ਖੰਡੇ ਬਾਟੇ ਦੀ ਪਾਹੁਲ' ਲੈਣ ਤੋਂ ਬਾਅਦ ਅਕਾਲੀ ਜੀ ਦੀ ਬਹੁਤੀ ਰੁੱਚੀ ਗੁਰਮਤਿ ਸਾਹਿਤ ਵੱਲ ਹੋ ਗਈ। ਇਸ ਆਸ਼ੇ ਨਾਲ ਹੀ ਉਨ੍ਹਾਂ ਦੂਰਦੁਰਾਡੇ ਜਾ ਕੇ ਵਿੱਦਿਆ ਪ੍ਰਾਪਤ ਕੀਤੀ ਅਤੇ ਨਾਲ ਨਾਲ ਗੁਰਮਤਿ ਅਤੇ ਅੰਮ੍ਰਿਤ ਪ੍ਰਚਾਰ ਵੀ ਬਾ-ਦਸਤੂਰ ਜਾਰੀ ਰੱਖਿਆ। ਅੰਗਰੇਜ਼ ਸਰਕਾਰ ਦੀਆਂ ਖ਼ੁਫ਼ੀਆਂ ਏਜੰਸੀਆਂ ਹਰ ਸਮੇਂ ਆਪ ਦੇ ਮਗਰ ਰਹਿੰਦੀਆਂ ਸਨ ਕਿਉਂਕਿ ਕਈ ਲੋਕ ਆਪ ਨੂੰ 'ਡਿਟੈਕਟਿਵ' ਖ਼ਿਆਲ ਕਰਦੇ ਸਨ।

ਅਕਾਲੀ ਜੀ ਜਿੱਥੇ ਪ੍ਰਸਿੱਧ ਸਮਾਜ ਸੁਧਾਰਕ ਸਨ, ਉੱਥੇ ਉੱਚਕੋਟੀ ਦੇ ਚਿੰਤਕ ਸਾਹਿਤਕਾਰ ਵੀ ਸਨ। ਉਨ੍ਹਾਂ ਨੇ ਅਨੇਕਾਂ ਹੀ ਪੁਸਤਕਾਂ ਪੰਜਾਬੀ ਵਿੱਚ ਲਿਖੀਆਂ ਅਤੇ ਤਿੰਨ ਦਰਜਨ ਤੋਂ ਵਧੀਕ ਲੇਖ ਲਿਖੇ ਹਨ; ਜਿਨ੍ਹਾਂ ਵਿਚੋਂ ਦਰਜਨ ਕੁ ਹੀ ਪ੍ਰਕਾਸ਼ਿਤ ਹੋ ਸਕੀਆਂ ਸਨ। ਛੱਪੀਆਂ ਪੁਸਤਕਾਂ ਦਾ ਵੇਰਵਾ ਇਸ ਤਰ੍ਹਾਂ ਹੈ:

	ਪੁਸਤਕਾਂ	**ਪ੍ਰਕਾਸ਼ਨ ਵਰ੍ਹਾ ਤੇ ਸਥਾਨ**
1.	ਸ੍ਰੀ ਗੁਰਸ਼ਬਦ ਰਤਨ ਪ੍ਰਕਾਸ਼ (ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ)	10 ਮਾਰਚ 1923, ਪਿਸ਼ਾਵਰ (ਭਾਸ਼ਾ ਵਿਭਾਗ, ਪੰਜਾਬ, ਦੂਜੀ ਛਾਪ 1963)
2.	ਇਸਤਰੀ ਸੰਕਟ ਮੋਚਨ	1925 (ਗੁਰਦੁਆਰਾ ਸਿੰਘ ਸਭਾ, ਸ਼ਿਮਲਾ ਦੀ ਲਾਇਬ੍ਰੇਰੀ ਵਿੱਚ ਮੌਜੂਦ ਹੈ)
3.	ਹਜ਼ੂਰੀ ਸਾਥੀ	ਅਪ੍ਰੈਲ 1933 (ਬਾਡਰਥ ਰੋਡ, ਲਾਹੌਰ)
4.	ਸ੍ਰੀ ਗੁਰ ਸੋਭਾ (ਸੈਨਾਮਤੀ)	ਅਗਸਤ 1925
5.	ਤਤਕਰਾ ਭਾਈ ਗੁਰਦਾਸ : ਕਬਿਤ ਸਵਯੇ ਅਤੇ ਵਾਰਾਂ	ਮਈ 1929 (ਖਾਲਸਾ ਪ੍ਰਦੇਸੀ ਮਾਲਵਾ ਪ੍ਰੈਸ, ਅੰਮ੍ਰਿਤਸਰ)
6.	ਗੁਟਕਾ ਪ੍ਰਮਾਣੀਕ ਨਿਤਨੇਮ	1927
7.	ਸੁਖ ਸਾਗਰ (ਘਰ ਦਾ ਵੇਦ)	1910 ਸੀ.ਈ. (ਮੁਕੰਮਲ ਕੀਤਾ, ਪੁੰਡਰਪੁਰ (ਆਸਾਮ)
8.	ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੱਖਣ ਪ੍ਰਵੇਸ਼	
9.	ਭੋਜਨ ਸ਼ਿੰਗਾਰ	1926 (ਪ੍ਰਦੇਸੀ ਮਾਲਵਾ ਪ੍ਰੈਸ)

ਕੁੱਝ ਹੋਰ ਵੀ ਪੁਸਤਕਾਂ ਅਪ੍ਰਕਾਸ਼ਿਤ ਹੀ ਰਹਿ ਗਈਆਂ ਸਨ, ਜਿਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ :

1.	ਰਾਜਨੀਤੀ	–	ਕਵੀ ਪਰੇਮੀ
2.	ਰਹਿਤਨਾਮੇ	–	ਭਾਈ ਨੰਦ ਲਾਲ
3.	ਜਪੁਜੀ ਸਟੀਕ	–	ਭਾਈ ਮਨੀ ਸਿੰਘ
4.	ਮਹਿਮਾ ਪ੍ਰਕਾਸ਼ ਗ੍ਰੰਥ		
5.	ਜਪੁਜੀ ਸਟੀਕ	–	ਬਾਬਾ ਸੁਮੇਰ ਸਿੰਘ ਭੱਲਾ
6.	ਬੁਧੀ ਬਾਰਿਧ ਹਿੱਤ ਉਪੇਦਸ਼ ਰਤਨਾਰ		
7.	ਕੁਰਾਨ ਸ਼ਰੀਫ਼ ਦੀਆਂ ਗੁਰਬਾਣੀ ਨਾਲ ਮਿਲਦੀਆਂ ਆਇਤਾਂ, ਆਦਿ		

ਅਕਾਲੀ ਜੀ ਸਮਦਰਸ਼ੀ, ਕਟੱੜ ਬਬੇਕ ਅਕਾਲੀ ਅਤੇ ਗੁਰਮਤਿ ਦੇ ਐਮਬੈਸਡੱਰ ਮੰਨੇ ਜਾਂਦੇ ਸਨ। ਜਦੋਂ ਉਨ੍ਹਾਂ 'ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ' 1920 ਈ. ਵਿੱਚ ਤਿਆਰ ਕਰ ਲਿਆ ਪਰੰਤੂ ਛਾਪਣ ਦਾ ਇੰਤਜ਼ਾਮ ਨਾ ਹੋਣ ਕਾਰਨ ਲਿਖਦੇ ਹਨ :

"ਅਸਾਮ, ਬੰਗਾਲ, ਫਿਰ ਪਿਸ਼ੌਰ, ਢਾਕਾ, ਲਾਲਪੁਰਾ ਦੇ ਦੁਕਾਨਦਾਰਾਂ ਤੇ ਫੌਜੀਆਂ ਪਾਸੋਂ ਅਤੇ ਹੋਰ ਪਰੇਮੀਆਂ ਪਾਸੋਂ ਇਸ ਮਹਾਨ ਗ੍ਰੰਥ ਦੀ ਛਪਾਈ ਲਈ ਰੁਪਿਆ ਇੱਕਠਾ

ਕੀਤਾ ਤੇ 1920 ਈ. ਇਹ ਤਿਆਰ ਹੋ ਗਿਆ। ਬੜੀ ਕੋਸ਼ਿਸ਼ ਕਰਕੇ 40 ਜਿਲਦਾਂ ਸਟੇਟ ਫ਼ਰੀਦਕੋਟ, 40 ਐਜੁਕੇਸ਼ਨ ਕਮੇਟੀ ਅਤੇ 80 ਦੇ ਕਰੀਬ ਹੋਰ ਇਸ ਗ੍ਰੰਥ ਦੀਆਂ ਵਿਕਰੀ ਕੀਤੀਆਂ ਤੇ ਬਾਕੀ 815 ਗ੍ਰੰਥ ਮੇਰੇ ਪਸ ਮੌਜੂਦ ਹਨ ਤੇ ਇਨ੍ਹਾਂ ਦੇ ਜਲਦੀ ਜਲਦੀ ਖ਼ਰਚ ਹੋ ਜਾਣੇ ਦੀ ਕੋਈ ਉਮੀਦ ਨਹੀਂ।

ਬਿਕਰਮੀ 1984 (1927 ਈ.) ਵਿੱਚ ਕੁੱਝ ਕਾਰਨਾਂ ਕਰਕੇ ਸੇਵਕ ਦਾ ਵੀਚਾਰ 'ਸ੍ਰੀ ਗੁਰੂ ਗ੍ਰੰਥ ਸ਼ਬਦ ਰਤਨ ਪ੍ਰਕਾਸ਼' ਦੀਆਂ ਛਪੀਆਂ ਹੋਈਆਂ ਪੁਸਤਕਾਂ ਬਿਨਾਂ ਕੀਮਤ ਹਰ ਇੱਕ ਜ਼ਿਲੇ ਦੇ ਮਸ਼ਹੂਰ ਗੁਰਦੁਆਰਿਆਂ ਵਿੱਚ ਅਸਥਾਪਨ ਕਰਕੇ ਅਟੰਕ ਹੋ ਬੈਠਣ ਦਾ ਹੋਇਆ। ਨਾ-ਮਾਲੂਮ ਸਰਦਾਰ ਧਰਮ ਸਿੰਘ ਜੀ (ਦਿੱਲੀ ਵਾਲੇ) ਨੂੰ ਇਹ ਖ਼ਬਰ ਕਿਸ ਤਰ੍ਹਾਂ ਲੱਗੀ, ਆਪਨੇ ਮੈਨੂੰ ਬੁਲਾਕੇ ਇਸ ਬਾਰੇ ਵਿਚਾਰ ਸੁਣਕੇ ਫੁਰਮਾਇਆ। ਸਿੰਘ ਸਾਹਿਬ, ਇਸ ਅਮਲੋਕ ਗਰੰਥ ਨੂੰ ਇਉਂ ਨਾ ਸੁੱਟੋ ਤੇ ਆਸ਼ਰਮ ਬਨਾਣ ਵੱਲੋਂ ਵੀ ਉਦਾਸ ਨਾ ਹੋਵੋ।

ਅਕਾਲੀ ਜੀ - ਰੁਪਏ ਆਸ਼ਰਮ ਲਈ ਕਿਥੋਂ ਆਵਣਗੇ?

ਸ੍ਰ: ਧਰਮ ਸਿੰਘ ਜੀ - ਅਕਾਲੀ ਜੀ ਰੁਪਏ ਗੁਰੂ ਭੇਜੇਗਾ, ਕੰਮ ਗੁਰੂ ਦਾ ਹੈ ਰਲ ਵਰਤਾਂਗੇ।

ਅਕਾਲੀ ਜੀ ਲਿਖਦੇ ਹਨ "ਗਰੰਥ ਉਨ੍ਹਾਂ ਦੇ ਹਵਾਲੇ ਕਰਕੇ ਮੈਂ ਚਕਾਰ ਪੁੱਜਾ। ਥੋੜ੍ਹੇ ਦਿਨਾਂ ਵਿੱਚ ਰੁਪਏ ਮੇਰੇ ਪਾਸ ਪੁੱਜ ਕਏ। ਫਿਰ ਸਰਦਾਰ ਘਰਮ ਸਿੰਘ ਜੀ ਗਰਮੀਆਂ ਵਿੱਚ ਚਕਾਰ ਪੁੱਜ ਕੇ ਆਸ਼ਰਮ ਦੇ ਅਟੱਲ ਲੰਗਰ ਲਈ ਬਹੁਤ ਸਾਰੀ ਸਹਾਇਤਾ ਦੇਣ ਦਾ ਇਕਰਾਰ ਕੀਤਾ ਆਦਿ।"

ਅਕਾਲੀ ਜੀ ਨੇ ਪਹਾੜ (ਕਸ਼ਮੀਰ) ਦੇ ਗਰੀਬ ਬੱਚਿਆਂ ਵਾਸਤੇ ਚਕਾਰ (ਕਸ਼ਮੀਰ) ਵਿਖੇ 'ਗੁਰੂ ਨਾਨਕ ਆਸ਼ਜਮ ਬੋਰਡਿੰਗ ਹੋਸਟਲ' ਕਾਇਮ ਕੀਤਾ। ਇਸ ਆਸ਼ਰਮ ਨੂੰ ਅਸਥਾਪਨ ਕਰਨ ਲਈ ਅਕਾਲੀ ਜੀ ਦਿਲੋ-ਜਾਨ ਤੋਂ ਜੁੱਟ ਗਏ। ਪੱਛੜੇ ਸਿੱਖ ਬੱਚਿਆਂ ਨੂੰ ਉਨਤੀ ਦੇ ਸਿਖ਼ਰ ਲਈ ਸਰਬਪੱਖੀ ਇਲਮ ਦੀ ਯੋਜਨਾਂ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਉਨ੍ਹਾਂ ਮੀਰੇ-ਕਾਰਵਾਂ ਦਾ ਰੋਲ ਨਿਭਾਇਆ। ਚਕਾਰ ਕਿਉਂਕਿ ਸਾਰੇ ਕਸ਼ਮੀਰ ਦੇ ਕੇਂਦਰ ਵਿੱਚ ਸਥਿਤ ਸੀ ਅਤੇ ਸਿੱਖ ਰਾਜ ਦੇ ਸਮੇਂ ਇਹ ਫ਼ੌਜੀ ਛਾਉਣੀ ਅਤੇ ਕਿਲ੍ਹਾ ਵੀ ਹੁੰਦਾ ਸੀ। ਮਾਲ ਦੇ ਕਾਗਜ਼ਾਂ ਵਿੱਚ ਇਹ 'ਖ਼ਾਲਸਾ' ਜ਼ਮੀਨ ਕਰ ਕੇ ਵਜੱਦੀ ਸੀ ਪਰ ਅਕਾਲੀ ਜੀ ਦੀ ਅਦਭੁਤ ਪ੍ਰਭਾਵਸ਼ਾਲੀ ਸ਼ਖਸੀਅਤ ਤੋਂ ਮਹਾਰਾਜਾ ਹਰੀ ਸਿੰਘ ਇਨ੍ਹੇ ਪ੍ਰਭਾਵਿਤ ਹੋਇ ਕਿ 'ਆਸ਼ਰਮ' ਲਈ ਸਰਕਾਰ ਵੱਲੋਂ ਜ਼ਮੀਨ ਭੇਟਾ ਕਰ ਦਿੱਤੀ।

ਇਸ ਆਸ਼ਰਮ ਵਿੱਚ ਹੀ ਅਕਾਲੀ ਜੀ ਦੀ 'ਗੁਰੂ ਨਾਨਕ ਆਸ਼ਰਮ ਲਾਇਬਰੇਰੀ' ਮਿਸਾਲੀ ਸੀ ਜਿਸ ਵਿੱਚ ਥਾਂ ਥਾਂ ਜਾ ਕੇ ਬੜੀ ਰਕਮ ਖ਼ਰਚ ਕੇ ਪੁਰਾਤਨ ਹੱਥ-ਲਿਖਤਾਂ ਨੂੰ ਇਕੱਠਾ ਕਰਕੇ ਲਾਇਬਰੇਰੀ ਬਣਾਉਣਾ ਚਾਹੁੰਦੇ ਸਨ ਜਿਥੋਂ ਦੂਰੋ-ਦੂਰੋ ਖੋਜੀ ਆ ਕੇ ਖੋਜ ਕਰਨ। ਅਕਾਲੀ ਜੀ ਨੇ ਤਕਰੀਬਨ 70,000 ਦੇ ਕਰੀਬ ਪੁਰਾਤਨ ਤੇ ਨਵੀਨ ਗ੍ਰੰਥ, ਪੁਸਤਕਾਂ ਆਦਿ ਇਸ ਲਾਇਬਰੇਰੀ ਵਿੱਚ ਸ਼ੁਸ਼ੋਭਿਤ ਕੀਤੇ ਸਨ।

ਇਸ ਲਾਇਬ੍ਰੇਰੀ ਵਿੱਚ ਜੋ ਖ਼ਾਸ-ਜਿਕਰ ਯੋਗ ਗ੍ਰੰਥ ਸਨ, ਉਹ ਇਸ ਤਰ੍ਹਾਂ ਸਨ, ਜਿਨ੍ਹਾਂ ਦਾ ਵੇਰਵਾ ਸਵਰਗਵਾਸੀ ਭਾਗਵੰਤ ਅਤਰ ਸਿੰਘ ਨੇ ਦਿੱਤਾ ਹੈ :

ਪੰਜਾਹ ਤੋਂ ਵਧੀਕ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ (ਹੱਥ-ਲਿਖਤੀ ਅਤੇ ਪ੍ਰਕਾਸ਼ਿਤ)

ਇਕ ਦਸਤੀ ਤਸਵੀਰ ਗੁਰੂ ਗੋਬਿੰਦ ਸਿੰਘ ਜੀ।

ਇਕ ਦਸਤੀ ਬੀੜ ਤੇ ਛੱਪੇ ਹੋਈ ਸਿੱਖ ਪੰਥ ਤੇ ਧਰਮ ਦੇ ਹੋਰ ਗ੍ਰੰਥ ਹਿੰਦੂ ਧਰਮ ਦੇ ਲਿਖਤੀ ਤੇ ਛਪੇ ਹੋਏ ਵੇਦ ਪੁਰਾਨ, ਹਿੰਦੂ ਧਰਮ ਦੇ ਸ਼ਸਤਰ/ ਸਿਮਰਤੀਆਂ ਤੇ ਚਾਰ ਵੇਦ, ਇਸਲਾਮ ਧਰਮ ਦੇ ਲਿਖਤੀ ਤੇ ਛਪੇ ਗ੍ਰੰਥ, ਅੰਗ੍ਰੇਜ਼ੀ ਵਿੱਚ ਲਿਖਤੀ ਤੇ ਛਪੇ ਕੁਰਾਨ ਸ਼ਰੀਫ਼, ਹਦੀਸ ਤੇ ਤਵਾਰੀਖ, ਸੰਸਕ੍ਰਿਤ, ਗੁਜਰਾਤੀ, ਬੰਗਾਲੀ, ਮਰਹਾਈ, ਫ਼ਰਾਂਸੀਸੀ, ਅਰਬੀ ਤੇ ਹਿੰਦੀ ਗ੍ਰੰਥ, ਚਾਰ ਪੋਥੀਆਂ ਟੀਕਾ ਗੁਰਬਾਣੀ ਫ਼ਰੀਦਕੋਟ, ਚਾਰ ਪੋਥੀਆਂ ਟੀਕਾ ਸ਼ਬਦਾਰਥ ਪੰਜੇ ਸਾਹਿਬ ਵਾਲਾ, ਗੁਰ ਸ਼ਬਦ ਰਤਨਾਕਰ ਮਹਾਂਕੋਸ਼, ਚਾਰ ਜਿਲਦਾਂ (ਭਾਈ ਕਾਨ੍ਹ ਸਿੰਘ ਨਾਭਾ) ਜੋ ਮਹਾਰਾਜਾ ਫ਼ਰੀਦਕੋਟ ਵਲੋਂ ਭੇਟਾ ਕੀਤਾ ਗਿਆ ਸੀ। ਪੰਡਿਤ ਤਾਰਾ ਸਿੰਘ ਦਾ ਕੋਸ਼, ਗੁਰੂ ਗ੍ਰੰਥ ਕੋਸ਼ (ਵਜ਼ੀਰ ਹਿੰਦ ਪ੍ਰੈਸ), ਦਸ਼ਮੇਸ਼ ਬਾਣੀ ਗ੍ਰੰਥ ਆਦਿ (ਦੋ ਪੋਥੀਆਂ), ਪੋਥੀਆਂ ਗੁਰਬਾਣੀ, ਸਰਬਲੋਹ ਗ੍ਰੰਥ ਲਿਖਤੀ, ਭਾਈ ਨੰਦ ਲਾਲ ਦੀ ਬਾਣੀ (ਲਿਖਤੀ ਤੇ ਛਪੀ), ਭਾਈ ਗੁਰਦਾਸ ਦੀਆਂ ਵਾਰਾਂ (ਲਿਖਤੀ ਤੇ ਛਪੀ), ਸਿੱਧੀ ਪ੍ਰਭਾਕਰ, ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ ਸਾਖੀਆਂ (ਲਿਖਤੀ ਤੇ ਛਪੀ), ਜਨਮ ਸਾਖੀਆਂ (ਲਿਖਤੀ ਤੇ ਛਪੀ) ਸੂਰਜ ਪ੍ਰਕਾਸ਼ (ਦੋ ਸੈਟ ਮੁਕੰਮਲ), ਗੁਰਬਿਲਾਸ ਪਾਤਸ਼ਾਹੀ ਛੇਵੀਂ, ਪ੍ਰਾਚੀਨ ਪੰਥ ਪ੍ਰਕਾਸ਼ (ਭੰਗੂ), ਪੰਥ ਪ੍ਰਕਾਸ਼ (ਗਿ: ਗਿਆਨ ਸਿੰਘ), ਖ਼ਾਲਸਾ ਤਵਾਰੀਖ਼ ਮੁਕੰਮਲ, ਸਾਖੀਆਂ ਮਿਹਰਵਾਨ (ਲਿਖਤੀ) ਗੁਰਬਿਲਾਸ ਪਾਤਸ਼ਾਹੀ ਦਸਵੀਂ, ਸ੍ਰੀ ਗੁਰ ਸੋਭਾ (ਲਿਖਤੀ), ਸ੍ਰੀ ਗੁਰ ਮਹਿਮਾ ਪ੍ਰਕਾਸ਼ (ਲਿਖਤੀ) , ਹਿੰਦੀ ਵੈਦ, ਹਿੰਦੀ ਕਾਨੂੰਨ, ਅੰਗ੍ਰੇਜ਼ੀ ਕਾਨੂੰਨ, ਬੰਗਾਲੀ ਕੋਸ਼, ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਅਨੁਵਾਦ (ਡਾ. ਟਰੰਪ), ਤਵਾਰੀਖ ਇਸਲਾਮ (ਫ਼ਾਰਸੀ), ਸ੍ਰੀ ਗੁਰੂ ਗ੍ਰੰਥ ਸਾਹਿਬ (ਲਿਖਤੀ) ਦਸਖਤੀ ਗੁਰੂ ਤੇਗ਼ ਬਹਾਦਰ ਸਾਹਿਬ (ਅਕਾਲੀ ਜੀ ਸਤਿਕਾਰ ਨਾਲ ਇਸ ਬੀੜ ਨੂੰ ਖ਼ਾਸ ਤੌਰ ਤੇ ਸੰਭਾਲਦੇ ਸਨ ਅਤੇ ਆਈਆਂ ਸੰਗਤਾਂ ਨੂੰ ਦਰਸ਼ਨ ਕਰਾਉਂਦੇ ਸਨ। ਚਕਾਰ ਲਾਇਬ੍ਰੇਰੀਲਈ ਸਭ ਤੋਂ ਪ੍ਰਸਿੱਧ ਅਖ਼ਬਾਰਾਂ ਦੀਆਂ ਫ਼ਾਈਲਾਂ ਅਤੇ ਹਜ਼ਾਰਾਂ ਦੇਸ਼-ਵਿਦੇਸ਼ ਦੀਆਂ ਪੁਸਤਕਾਂ ਮੌਜੂਦ ਸਨ।

ਚਕਾਰ ਤੋਂ ਹੀ ਅਕਾਲੀ ਜੀ ਨੇ ਪਹਿਲਾਂ ਅਖ਼ਬਾਰ 'ਆਸ਼ਰਮ ਜਗਤ ਸਮਾਚਾਰ' (ਚਕਾਰ) ਜਾਰੀ ਕੀਤਾ ਜਿਸ ਦਾ ਬਾਅਦ ਵਿੱਚ ਨਾਂ 'ਕਸ਼ਮੀਰ ਸਿੱਖ ਸਮਾਚਾਰ' ਰੱਖਿਆ ਸੀ, ਜੋ 1947 ਦੇ ਘਲੂਘਾਰੇ ਤੱਕ ਜਾਰੀ ਰਿਹਾ। 8 ਕੱਤਕ ਨੂੰ ਕਬਾਇਲੀ ਦਰਿੰਦਿਆਂ ਨੇ 'ਗੁਰੂ ਨਾਨਕ ਆਸ਼ਰਮ (ਚਕਾਰ) ਤੇ ਹਮਲਾ ਕਰ ਕੇ ਸਾਰਾ ਆਸ਼ਰਮ ਸਵਾਹ ਦੀ ਢੇਰੀ ਕਰ ਦਿੱਤਾ। ਦੂਰੋਂ ਹੀ ਆਤਸ਼ਗੀਰ ਅਸਲਾ ਇਸਤਮਾਲ ਕਰਕੇ ਆਸ਼ਰਮ ਦੀ ਆਲੀਸ਼ਾਨ ਇਮਾਰਤ ਅਤੇ ਲਾਇਬ੍ਰੇਰੀ ਨੂੰ ਅੱਗ ਲਾ ਕੇ ਨਾਸਤੇ-ਨਾਬੂਦ ਕਰ ਦਿੱਤਾ।

ਉਜੜੇ ਭਰਾਵਾਂ ਦੇ ਮੁੜ ਵਿਸੇਵੇ ਲਈ, ਉਨ੍ਹਾਂ ਦੀਆਂ ਮੁਸੀਬਤਾਂ ਲਈ, ਸਿੱਖ ਸ਼ਹੀਦ ਪੀੜਤ ਪਰਿਵਾਰਾਂ ਦੀਆਂ ਅੰਤਿਮ ਸਮੇਂ ਤੱਕ ਸੇਵਾ ਕਰਦੇ ਰਹੇ।

ਇਸ ਵਿੱਚ ਕੋਈ ਅੱਤਕਥਨੀ ਨਹੀਂ ਕਿ ਅਕਾਲੀ ਕੌਰ ਸਿੰਘ ਜੀ ਨੂੰ ਮੁਸਲਮਾਨ ਅਤੇ ਹਿੰਦੂ ਵੀ ਬੜਾ ਸਤਿਕਾਰ ਦੇਦੇਂ ਸਨ। ਚਕਾਰ (ਕਸ਼ਮੀਰ) ਦੇ ਹੀ ਮੌਲਵੀ ਮਹੁੰਮਦ ਯੂਸਫ਼ ਜੀ ਨੇ ਲਿਖਿਆ ਸੀ, "ਵੁਹ ਏਕ ਫ਼ਰਿਸ਼ਥਾ ਥਾ, ਔਲੀਆ ਥਾ। ਵੁਹ ਫ਼ਰਕ ਨਹੀਂ ਜਾਨਤੇ ਥੇ। ਚਕਾਰ ਵ ਕਸ਼ਮੀਰ ਨਿਵਾਸੀਉਂ ਕੀ ਜੋ ਖ਼ਿਦਮਤ ਉਨੋਂ ਨੇ ਕੀ, ਵੁਹ ਕੋਈ ਔਰ ਸ਼ਖਸ ਨਹੀਂ ਕਰ ਸਕਤਾ ਥਾ।" ਇਸੇ ਤਰ੍ਹਾਂ ਚਕਾਰ, ਗੁਰੂ ਨਾਨਕ ਆਸ਼ਰਮ ਦੇ ਪਹਿਲੇ ਹੈਡਮਾਸਟਰ ਪੰਡਤ ਦੀਨਾ ਨਾਥ ਫ਼ੋਤੇਦਾਰ (ਬੀ.ਏ., ਬੀ.ਟੀ.ਐਲ.ਐਲ.ਬੀ., ਵਕੀਲ ਹਾਈਕੋਰਟ ਕਸ਼ਮੀਰ) ਨੇ ਆਖਿਆ ਸੀ, "ਚਕਾਰ ਕੀ ਤਾਲੀਮੀ ਦਰਸਗਾਹ ਇਸ ਬਾਤ ਕਾ ਜ਼ਿੰਦਾਂ ਸਬੂਤ ਥਾ ਕਿ ਅਕਾਲੀ ਕੌਰ ਸਿੰਘ ਜੀ ਇਸ ਪਸਮਾਂਦਾਂ ਇਲਾਕੇ ਕੇ ਤਮਾਮ ਲੋਕੋਂ ਕੇ ਲਈ ਬਿਨ੍ਹਾਂ

ਲਿਹਾਜ ਮਜ਼ਹਬ ਵਾ ਮਿੱਲਤ ਬੇਲੋਸ਼ ਖ਼ਿਦਮਤ ਅੰਜਾਮ ਦੇ ਰਹੇ थे। ਵੁਹ ਹਰ ਤਾਲਬਇਲਮ ਕੋ ਚਾਹੇ ਵੁਹ ਕਿਸੀ ਅਕੀਦੇ ਸੇ ਤੁਆਲਕ ਰੱਖਤਾ ਥਾ ਸਿਰਫ਼ ਦੋ ਰੁਪਿਆ ਮਾਹਵਾਰ ਅਦਾ ਕਰਨੇ ਪਰ ਪੂਰੇ ਮਹੀਨੇ ਕੀ ਰੋਟੀ, ਬੋਰਡਿੰਗ ਕੇ ਕਿਚਨ ਸੇ ਖਾਇਆ ਕਰਤਾ ਥਾ। ਹਕੀਕਤ ਮੈਂ ਅਕਾਲੀ ਜੀ ਏਕ ਲੀਡਰ ਨਹੀਂ ਬਲਕਿ ਮਹਿਨੇ ਮੈਂ ਏਕ ਬੜੇ ਸਾਧੂ ਥੇ। ਔਰ ਖ਼ੁਦਾ ਤਰਸ ਲੋਗੋ ਕੀ ਤਰਹ ਸਿਰਫ਼ ਸੇਵਾ ਧਰਮ ਕੋ ਉੱਤਮ ਧਰਮ ਸਮਝਤੇ ਥੇ। ਉਨਕੇ ਨਜ਼ਦੀਕ ਹਿੰਦੂ, ਮੁਸਲਮਾਨ, ਸਿੱਖ, ਈਸਾਈ ਸਬ ਏਕ ਥੇ।"

ਭਾਗਵੰਤ ਅੱਤਰ ਸਿੰਘ ਜੀ (ਖ਼ਾਲਸਾ ਹੋਟਲ, ਕਸ਼ਮੀਰ) ਵਾਲੇ ਅਕਾਲੀ ਜੀ ਦੇ ਵਿਸ਼ਵਾਸ ਪਾਤਰਾਂ ਵਿੱਚ ਸ਼ੁਮਾਰ ਹੁੰਦੇ ਸਨ। ਅਸਲ ਵਿੱਚ ਬੀਬੀ ਭਾਗਵੰਤ ਕੌਰ (ਸਪੁੱਤਰੀ ਸ੍. ਅੱਤਰ ਸਿੰਘ) ਨੂੰ ਅਕਾਲੀ ਜੀ ਨੇ ਆਪਣੀ ਧਰਮ ਸਪੁੱਤਰੀ ਬਣਾਇਆ ਹੋਇਆ ਸੀ। ਅਕਾਲੀ ਜੀ ਜਦੋਂ ਵੀ ਸ੍ਰੀਨਗਰ ਵੱਲ ਆਉਂਦੇ ਤਾਂ ਇਨ੍ਹਾਂ ਦੇ ਘਰ ਹੀ ਠਹਿਰਦੇ ਸਨ। ਭਾਗਵੰਤ ਅਤੱਰ ਸਿੰਘ ਜੀ ਨੂੰ ਅਕਾਲੀ ਜੀ ਦਾ ਸਾਥ ਪ੍ਰਾਪਤ ਹੁੰਦਾ ਰਹਿੰਦਾ। ਇਨ੍ਹਾਂ ਨੂੰ ਵੀ ਅਕਾਲੀ ਜੀ ਦੀਆਂ ਪੁਸਤਕਾਂ ਪੜ੍ਹ ਕੇ ਲਿਖਣ ਦੀ ਚੇਟਕ ਲੱਗੀ ਅਤੇ ਅਕਾਲੀ ਜੀ ਦੇ ਗੁਰਪੁਰੀ ਸੀਧਾਰਣ ਤੋਂ ਬਾਅਦ, ਉਨ੍ਹਾਂ ਦੀਆਂ ਕਈ ਪੁਸਤਕਾਂ ਨੂੰ ਦੁਬਾਰਾ ਪ੍ਰਕਾਸ਼ਿਤ ਕੀਤਾ। ਮੇਰੇ ਸਤਿਕਾਰ ਯੋਗ ਪਿਤਾ (ਗਿਆਨੀ ਸੰਤ ਸਿੰਘ ਭਟਪੁਰੀ) ਨੂੰ ਉਹ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਮੇਰਾ ਵੀ ਉਨ੍ਹਾਂ ਨਾਲ ਜਦੋਂ ਰਾਬਤਾ ਹੋਇਆ ਤਾਂ ਮੈਂ ਭਾਗਵੰਤ ਅਤਰ ਸਿੰਘ ਨਾਲ ਇੱਕ ਲੰਮੀ ਮੁਲਾਕਾਤ 2005 ਈ. ਵਿੱਚ ਕੀਤੀ। ਉਹ ਮੁਲਾਕਾਤ ਬਾਅਦ ਵਿੱਚ ਕਈ ਮੈਗਜ਼ੀਨਾਂ ਵਿੱਚ ਵੀ ਛਪੀ। ਉਸ ਤੋਂ ਬਾਅਦ ਅਤਰ ਸਿੰਘ ਜੀ ਨਾਲ ਕਈ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਅਤੇ ਅਕਾਲੀ ਕੌਰ ਸਿੰਘ ਜੀ ਦੀਆਂ ਕਈ ਪਰਤਾਂ ਬਾਰੇ ਤਫ਼ਸੀਲ ਨਾਲ ਜਾਣਕਾਰੀ ਦੇਦੇਂ ਰਹਿੰਦੇ। ਸਰਦੀਆਂ ਵਿੱਚ ਉਹ ਚੰਡੀਗੜ ਚਲੇ ਜਾਂਦੇ ਅਤੇ ਗਰਮੀਆਂ ਵਿੱਚ ਸ੍ਰੀਨਗਰ (ਕਸ਼ਮੀਰ) ਆ ਜਾਂਦੇ। ਚੰਡੀਗੜ ਤੋਂ ਇੱਕ ਵੇਰਾਂ ਉਨ੍ਹਾਂ ਮੈਨੂੰ ਦੋ ਟਰੰਕ ਬੇਸ਼ਕੀਮਤੀ ਕਿਤਾਬਾਂ ਦੇ ਭੇਜੇ। ਸਿੱਖ ਧਰਮ ਅਤੇ ਇਤਿਹਾਸ ਨਾਲ ਸੰਬੰਧਤ ਇਹ ਨਾ-ਯਾਬ ਕਿਤਾਬਾਂ ਸੱਚਮੁੱਚ ਬੜੀਆਂ ਵੱਡਮੁੱਲੀਆਂ ਸਨ ਅਤੇ ਬਾਜ਼ਾਰ ਵਿੱਚ ਵੀ ਨਹੀਂ ਸਨ ਮਿਲਦੀਆਂ। ਇਨ੍ਹਾਂ ਪੁਸਤਕਾਂ ਲਈ ਮੈਂ ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇੱਕ ਮੁਲਾਕਾਤ (2005 ਈ.) ਵਿੱਚ ਮੈਂ ਉਨ੍ਹਾਂ ਨੂੰ ਕਿਹਾ ਕਿ ਅਕਾਲੀ ਜੀ ਦੀ ਕੋਈ ਹੱਥ-ਲਿਖਤ ਦੇ ਵੀ ਦਰਸ਼ਨ ਕਰਾਉ ਤਾਂ ਉਨ੍ਹਾਂ ਮੈਨੂੰ ਅਕਾਲੀ ਕੌਰ ਸਿੰਘ ਜੀ ਦੀ ਹੱਥ-ਲਿਖਤ **'ਕੁਰਾਨ ਸ਼ਰੀਫ਼ ਦੀਆਂ ਗੁਰਬਾਣੀ ਨਾਲ ਮਿਲਦੀਆਂ ਆਇਤਾਂ'** ਦਿੱਤੀ। ਇਸ ਲਿਖਤ ਦਾ ਮੈਂ ਕਈ ਵਰ੍ਹੇ ਅਧਿਐਨ ਕਰਦਾ ਰਿਹਾ। ਅਕਾਲੀ ਜੀ ਨੇ ਆਇਤਾਂ ਲੱਭੀਆਂ ਸਨ, ਜਿਨ੍ਹਾਂ ਨੂੰ ਗੁਰਬਾਣੀ ਨਾਲ ਮਲਾਇਆ ਸੀ। ਦਾਸ ਨੇ ਉਨ੍ਹਾਂ ਦੀ ਲਿਖਾਈ ਨੂੰ ਬੜੀ ਮੁਸ਼ਕਲ ਨਾਲ ਪੜ੍ਹਿਆ ਤੇ ਉਤਾਰਾ ਕੀਤਾ। ਬਾਕੀ ਰਹਿ ਗਈਆਂ ਆਇਤਾਂ ਨੂੰ ਮੁਕੰਮਲ ਕੀਤਾ।

ਅਕਾਲੀ ਕੌਰ ਸਿੰਘ ਜੀ ਨੇ ਇਸ ਕਿਤਾਬ ਦੀ ਸ਼ੁਰੂਆਤ ਕਿੰਝ ਕੀਤੀ? ਜਾਪਦਾ ਹੈ ਇਹ ਲਿਖਤ 1947 ਤੋਂ ਪਹਿਲਾਂ ਉਨ੍ਹਾਂ ਸ਼ੁਰੂ ਕੀਤੀ ਸੀ ਜੋ ਬਾਅਦ ਵਿੱਚ ਵੀ ਉਨ੍ਹਾਂ ਲਿਖਣੀ ਸ਼ੁਰੂ ਕੀਤੀ। ਇਹ ਪੁਸਤਕ ਲਿਖਣ ਲਈ ਉਨ੍ਹਾਂ ਨੂੰ ਜਾਪਦਾ ਹੈ, ਕਿਸੇ ਨੇ ਪ੍ਰੇਰਿਆ ਸੀ। ਇਸੇ ਹੱਥ-ਲਿਖਤ ਵਿੱਚ ਇੱਕ ਚਿੱਠੀ ਅਕਾਲੀ ਜੀ ਦੀ ਲੱਭੀ ਹੈ, ਜੋ ਇਸ ਤਰ੍ਹਾਂ ਹੈ :

"ਨਵਾਬ ਜੀ, ਵਜ਼ੀਰੇ ਕਸ਼ਮੀਰ ਵਿਭਾਗ ਕਰਾਚੀ, ਗੁਜ਼ਾਰਸ਼ ਹੈ ਕਿ ਮੈਂ ਜਿਥੋਂ ਤੱਕ ਸੀ, ਕੁਰਾਨ ਸ਼ਰੀਫ਼ ਦੇ ਤਰਜ਼ਮੇਂ ਵਿਚਾਰੇ ਹਨ। ਉਥੋਂ ਤੱਕ ਉਨ੍ਹਾਂ ਦੇ ਜ਼ਰੀਏ ਮੈਂ ਏਹ ਸਮਝਿਆ

ਹਾਂ ਕਿ :

ਪਾਰਾ - ਸੂਰਤ-ਰੁਕੂ-ਆਇਤ

ਪਾਰਾ - 58 10 - ਧਰਤੀ ਤੇ ਝਗੜਾ ਬਖੇੜਾ ਨਾ ਕਰੋ।

18-20 - ਯਤੀਮਾਂ ਅਨਾਥਾਂ ਨਾਲ ਦੀਰਮ ਵਰਤਾਉ ਕਰਨਾ।

79-10 -ਆਪਸ ਵਿੱਚ ਖ਼ੂਨ ਖ਼ਰਾਬ ਨਾ ਕਰਨਾ। ਅਪਨੇ ਦੋਸ਼ੀਆਂ ਨੂੰ ਦੇਸੋਂ ਨਾ ਕੱਢਨਾ।

82-11 - ਕਿਸੀ ਜਮਾਤ ਨੂੰ ਨਾ ਝੁਠਲਾਓ, ਕਿਸੀ ਨੂੰ ਕਤਲ ਨ ਕਰੋ,

103 - ਕਰ ਮੁਜ਼ਰ ਕਰੋ

172-22 -ਤੀਵੀਆਂ, ਯਤੀਮਾਂ, ਅਨਾਥਾਂ, ਮੁਸਾਫ਼ਰਾਂ, ਮੰਗਤਿਆਂ ਨੂੰ ਕੈਦੀਆਂ ਨੂੰ ਮੀਯੁਕਰਨ ਪਲ ਪਰਚ ਕੇ ਇਕਰਾਰ ਕਰਕੇ ਪੂਰਾ ਕਰੋ।

173-22 - ਮਕੁਤਲਾ ਦਾ ਬਦਲਾ ਤੁਸਾਡੇ ਮੁਕੱਰਰ ਕੀਤਾ ਗਿਆ ਹੈ।

184 - ਇੱਕ ਦੂਜੇ ਦਾ ਮਾਲ ਨਾ ਹੱਕ ਨਾ ਖਾਓ।

186 - ਉਹਨਾਂ ਲੋਕਾਂ ਨਾਲ ਲੜੋ, ਜੋ ਤੁਹਾਡੇ ਨਾਲ ਲੜਦੇ ਹਨ ਤੇ ਵਧੀਕੀ ਕਰਦੇ ਨੇ।

187 - ਉਸ ਥਾਤੇ ਉਨ੍ਹਾਂ ਨੂੰ ਕਢੋ ਜਿਥੇ ਉਹਨਾਂ ਤੁਹਾਨੂੰ ਕੱਢਿਆ ਹੈ। ਉਹਨਾਂ ਨਾਲ ਨਾ ਲੜੋ ਜਦ ਤੱਕ ਉਹ ਤੁਸਾਡੇ ਨਾਲ ਨਾ ਲੜਨ। ਜੇ ਉਹ ਤੁਹਾਨੂੰ ਮਾਰਨ ਤਾਂ ਉਨ੍ਹਾਂ ਨੂੰ ਮਾਰੋ। ਇਹੋ ਕਾਯਦਾ ਜੰਗ ਹੈ।

189- ਜ਼ਾਲਮ ਤੋਂ ਛੁੱਟ ਕਿਸੀ ਨਾਲ ਜਾਜ਼ਤੀ ਨਹੀਂ ਕਰਨੀ ਚਾਹੀਦੀ।

190- ਜੋ ਤੁਹਾਡੇ ਪਰ ਵਧੀਕੀ ਕਰੇ, ਤੁਸੀਂ ਉਸਦਾ ਬਦਲਾ ਲੋ, ਜਿਨੀ ਕੀ ਉਸ ਤੁਹਾਡੇ ਪਰ ਵਧੀਕੀ ਕੀਤੀ ਹੈ।

191- ਆਪਨੇ ਸਿਰ ਨੂੰ ਨਾ ਮੁਨਾਓ

33- ਜਦ ਅਸਾਂ ਆਖਿਆ ਸਿਜਦਾ ਕਰੋ ਤਦ ਸਭ ਨੇ ਮੰਨਿਆ ਪਰ ਅਬਲੀਸ ਨੇ ਨਾ ਮੰਨਿਆ ਉਹ ਕਾਫ਼ਰਾਂ ਵਿੱਚੋਂ ਸੀ।

40-5 - ਸੱਚ ਨੂੰ ਝੂਠ ਨਾਲ ਨਾ ਮਲਾਓ

- ਆਪਨੇ ਬਚਨਾਂ ਨੂੰ ਪੂਰਾ ਕਰੋ। 6-5-3-1
- ਕਸਟ ਦੇਣ ਵਾਸਤੇ ਕਿਸੇ ਨਾਲ ਵਧੀਕੀ ਨਾ ਕਰੋ। 12,31,19
- ਕਿਸੇ ਨੂੰ ਉਸਦੀ ਸ਼ੈਤਾਨ ਸ਼ਕਤੀ ਤੋਂ ਵਧੀਕੀ ਨਾ ਕਰ ਦਿਓ 2-30-31

21-33 - ਆਪਨੇ ਪਿਤਾ ਪਰ ਕੁੱਝ ਉਪਕਾਰ ਕਰੋ 9-1

9-5 - ਉਹ ਜੋ ਅੱਲ੍ਹਾ ਨਾਲ ਰਸੂਲ ਨਾਲ ਲੜਦੇ ਹਨ ਤੇ ਧਰਤੀ ਵਿੱਚ ਫ਼ਸਾਦ ਕਰਦੇ ਉਨ੍ਹਾਂ ਵਾਸਤੇ ਆਦੇਸ਼ ਹੈ ਕਿ ਉਨ੍ਹਾਂ ਨੂੰ ਕਤਲ ਕੀਤਾ ਜਾਏ। ਜ਼ਾਲਮਾਂ ਨੂੰ ਪੁੱਠੇ-ਸਿੱਧੇ ਉਨ੍ਹਾਂ ਦੇ ਹੱਥ ਪੈਰ ਵਢੇ ਜਾਨ।

- ਕਾਫ਼ਰ ਨਾ ਮੰਨਨ ਵਾਲੇ ਹਨ -1
- ਵਿਭਚਾਰਨ ਤੋਂ ..... ਹਰਾਮ ਹੈ - 18-24-3-10
- ਧਨ ਦੋਲਤ ਯਤੀਮਾਂ, ਅਨਾਥਾਂ, ਮੁਸਾਫ਼ਰਾਂ ਤੇ ਖ਼ਰਚ ਕਰੋ 2-2-24 ਤੇ 26
- ਖਿਆਨਤੀਆਂ ਦਾ ਹਮਾਇਤੀ ਨਾ ਬਣੋ 5-4-106-16

– ਜੇ ਤੂੰ ਫ਼ੈਸਲਾ ਕਰੇਂ ਤਾਂ ਇੰਨਸਾਫ਼ ਨਾਲ ਕਰ 49-6

– ਜਿੰਦ ਦੇ ਬਦਲੇ ਜਿੰਦ, ਆਪ ਦੇ ਬਦਲੇ ਆਪ, ਨੱਕ ਦੇ ਨੱਕ, ਕੰਨ ਦੇ ਕੰਨ, ਦੰਦ ਦੇ ਦੰਦ

– ਅੱਲ੍ਹਾ ਦੇ ਉੱਤਰੇ ਹੁਕਮ ਅਨਕੂਲ ਹੁਕਮ ਮੰਨਣਾ, ਆਦਿ

ਅਕਾਲ ਪੁਰਖ ਦੀ ਕ੍ਰਿਪਾ ਨਾਲ ਬਾਕੀ ਆਇਤਾਂ ਨੂੰ ਮੈਂ ਪੂਰਾ ਕਰਕੇ ਤੁਹਾਡੇ ਰੂਬਰੂ ਕਰ ਰਿਹਾ ਹਾਂ। ਅਕਾਲੀ ਜੀ ਨੇ 30 ਕੁ ਆਇਤਾਂ ਤੇ ਕੰਮ ਕੀਤਾ ਸੀ, ਬਾਕੀ ਮੈਂ 84 ਆਇਤਾਂ ਤੇ ਕੰਮ ਕਰਕੇ ਪੂਰੀਆਂ 114 ਆਇਤਾਂ ਮੁਕਮੱਲ ਕੀਤੀਆਂ। ਇਹ ਅਕਾਲਪੁਰਖ ਦੀ ਕ੍ਰਿਪਾ ਦੁਆਰਾ ਹੀ ਹੋ ਸਕਿਆ ਹੈ।

ਕੁਰਾਨ ਸ਼ਰੀਫ਼ ਵਿੱਚ ਆਏ ਅਨੇਕ ਵਿਸ਼ਿਆਂ ਦੇ ਮਹਿਕ ਵੰਡਦੇ ਰੰਗ-ਬਰੰਗੇ ਫੁੱਲਾਂ ਨੂੰ ਲੱਭ ਕੇ ਇੱਕ ਸੁੰਦਰ ਗੁਲਦਸਤਾ ਤਿਆਰ ਕਰਕੇ ਤੁਹਾਡੇ ਰੂਬਰੂ ਕਰ ਰਿਹਾ ਹਾਂ। ਗੌਰਤਲਬ ਹੈ ਕਿ ਜੇਕਰ ਚੰਗੀ ਗੱਲ ਲਿਖੀ ਗਈ ਹੋਵੇ ਤਾਂ ਉਹ ਵਾਹਿਗੁਰੂ ਦੀ ਮਿਹਰ ਦਾ ਸਦਕਾ ਹੈ ਤੇ ਜੇ ਕਿੱਧਰੇ ਘਾਟ ਮਹਿਸੂਸ ਹੋਵੇ ਤਾਂ ਉਹ ਮੇਰੀ ਨਿੱਜੀ ਸਮਝ ਲਈ ਜਾਵੇ।

ਮੈਂ ਦਿਲ ਦੀਆਂ ਗਹਿਰਾਹੀਆਂ ਤੋਂ ਡਾ. ਚਰਨਜੀਤ ਸਿੰਘ ਗੁਮਟਾਲਾ (ਅੰਮ੍ਰਿਤਸਰ), ਪ੍ਰੋ. ਕਲਿਆਣ ਸਿੰਘ ਕਲਿਆਣ (ਲਾਹੌਰ), ਜਨਾਬ ਮਸੂਦ ਚੌਧਰੀ (ਜਰਮਨੀ), ਡਾ. ਮਹਿਮੂਦ ਅਲ ਹਸਨ ਬਾਜ਼ਮੀ (ਲਾਹੌਰ), ਡਾ. ਸ਼ਹਿਜ਼ਾਦ ਹਸਨ ਨਕੱਵੀ (ਹਸਨ ਅਬਦਾਲ) ਅਤੇ ਜਨਾਬ ਇਕਬਾਲ ਕੇਸਰ ਜੀ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਸ਼ਬਦਾਂ ਦਾ ਕਾਫ਼ਲਾ ਮੇਰੇ ਵੱਲ ਅਪੱੜਾ ਕੇ ਬੜਾ ਅਹਿਸਾਨ ਕੀਤਾ ਹੈ।

ਅੰਤ ਵਿੱਚ ਮੈਂ ਸਵਰਗਵਾਸੀ ਭਾਗਵੰਤ ਅਤਰ ਸਿੰਘ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਕ੍ਰਿਪਾ ਨਾਲ ਡਾਇਰੀ ਤੇ ਲਿਖੇ ਇਹ ਬੇਸ਼ਕੀਮਤੀ ਵਰਕੇ ਪ੍ਰਾਪਤ ਹੋਏ, ਜਿਨ੍ਹਾਂ ਨੂੰ ਤੁਹਾਡੇ ਸਨਮੁੱਖ ਕਰ ਰਿਹਾ ਹਾਂ। ਇਸ ਕਿਤਾਬ ਦੀ ਉਪਯੋਗਤਾ ਵਿੱਚ ਵਾਧਾ ਕਰਨ ਵਾਲੇ ਸਾਰੇ ਮਿੱਤਰ ਪਿਆਰਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ।

ਭਾਈ ਨੰਦ ਲਾਲ ਗੋਯਾ ਜੀ ਨੇ ਠੀਕ ਲਿਖਿਆ ਹੈ ਕਿ ਉਸ ਪਾਕ ਪਰਵਰਦਗਾਰ ਨੇ ਮੈਨੂੰ ਇਸ ਲਈ ਪੈਦਾ ਕੀਤਾ ਹੈ ਕਿ ਮਿੱਟੀ ਦੇ ਇਸ ਸਰੀਰ ਵਿੱਚੋਂ ਰੱਬ ਦੇ ਨਾਮ ਬਿਨ੍ਹਾਂ ਹੋਰ ਕੁੱਝ ਨਾ ਨਿੱਕਲੇ।

ਤਾਂ ਆਫ਼ਰੀਦਾ ਅਸਤ ਮਰਾ ਆਂ ਖ਼ੁਦਾਇ ਪਾਕ
ਜੁਜ਼ ਹਰਫ਼ਿ ਨਾਮਿ ਹੱਕ ਨਿਆਇਦ ਜ਼ਿ ਜਿਸਮਿ ਖ਼ਾਕ

ਅਕਾਲ ਸਹਾਇ।

ਜਸਬੀਰ ਸਿੰਘ ਸਰਨਾ
(ਜੰਮੂ ਕਸ਼ਮੀਰ)

ਪ੍ਰਸੰਸਾ ਯੋਗ ਯਤਨ



ਅਕਾਲੀ ਕੌਰ ਸਿੰਘ ਜੀ ਜਿਨ੍ਹਾਂ ਨੂੰ ਅਕਾਲੀ ਕੌਰ ਸਿੰਘ ਨਿਹੰਗ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਸਾਂਝੇ ਕਸ਼ਮੀਰ ਦੇ ਇੱਕ ਪ੍ਰਸਿੱਧ ਲੇਖਕ, ਖੋਜਕਾਰ ਤੇ ਪ੍ਰਚਾਰਕ ਹੋਏ ਹਨ। ਉਨ੍ਹਾਂ ਦੇ ਪ੍ਰਵਾਰ ਦਾ ਪਿਛੋਕੜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੇ ਵਡੇਰੇ ਭਾਈ ਅਮੋਲਕ ਸਿੰਘ ਨੇ ਅੱਠ ਸਾਲ ਦੀ ਉਮਰ ਵਿੱਚ ਦਸਵੇਂ ਪਾਤਿਸ਼ਾਹ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਤੋਂ ਇਹ ਪ੍ਰਵਾਰ ਸਿੱਖੀ ਦੇ ਪ੍ਰਚਾਰ ਵਿਚ ਜੁੱਟਿਆ ਹੋਇਆ ਹੈ। ਅਕਾਲੀ ਜੀ ਨੇ ਆਪਣੀ ਜ਼ਿੰਦਗੀ ਵਿੱਚ ਗਿਣਾਤਮਿਕ ਤੇ ਗੁਣਾਮਿਕ ਕਈ ਪੁਸਤਕਾਂ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਇਕ ਬਹੁਤ ਹੀ ਮਹੱਤਵਪੂਰਨ ਪਰ ਅਣਗੌਲੇ ਵਿਸ਼ੇ 'ਕੁਰਾਨ ਸ਼ਰੀਫ਼ ਦੀਆਂ ਗੁਰਬਾਣੀ ਨਾਲ ਮਿਲਦੀਆਂ ਆਇਤਾਂ' ਨੂੰ ਹੱਥ ਪਾਇਆ ਜੋ ਅਧੂਰਾ ਹੀ ਰਹਿ ਗਿਆ। ਬੜੀ ਖੁਸ਼ੀ ਦੀ ਗੱਲ ਹੈ ਕਿ ਡਾ. ਜਸਬੀਰ ਸਿੰਘ ਸਰਨਾ ਨੇ ਬੜੀ ਮਿਹਨਤ ਅਤੇ ਲਗਨ ਨਾਲ ਇਸ ਕੰਮ ਨੂੰ ਨੇਪਰੇ ਚਾੜ੍ਹ ਕੇ ਪਾਠਕਾਂ ਸਨਮੁੱਖ ਕੀਤਾ ਹੈ। ਇਸ ਲਈ ਉਹ ਵਧਾਈ ਦੇ ਪਾਤਰ ਹਨ। ਪੰਜਾਬੀ ਸਾਹਿਤ ਜਗਤ ਵਿਚ ਵੱਡਮੁਲੇ ਯੋਗਦਾਨ ਲਈ ਹਮੇਸ਼ਾਂ ਉਨ੍ਹਾਂ ਦਾ ਰਿਣੀ ਰਹੇਗਾ, ਕਿਉਂਕਿ ਸਾਡੇ ਪਾਸ ਭਾਰਤ ਵਿਚ ਗਿਣਤੀ ਮਿਣਤੀ ਦੇ ਲੇਖਕ ਹੀ ਹਨ ਜਿਨ੍ਹਾਂ ਨੂੰ ਪੰਜਾਬੀ ਦੇ ਨਾਲ ਫ਼ਾਰਸੀ ਦਾ ਗਿਆਨ ਵੀ ਹੈ।

ਡਾ. ਜਸਬੀਰ ਸਿੰਘ ਨੇ ਕੁਰਾਨ ਸ਼ਰੀਫ਼ ਦੀਆਂ 114 ਆਇਤਾਂ ਵਿੱਚੋਂ ਕੇਵਲ ਉਹ ਤੁੱਕਾਂ ਹੀ ਲਈਆਂ ਹਨ, ਜੋ ਸਿੱਧੇ ਅਸਿੱਧੇ ਤੌਰ 'ਤੇ ਗੁਰਬਾਣੀ ਦੇ ਅੰਤਰੀਵ ਭਾਵ ਪ੍ਰਗਟ ਕਰਦੀਆਂ ਹਨ। ਅਜਿਹਾ ਕੰਮ ਜਿੱਥੇ ਮੁਸਲਮਾਨਾਂ ਅਤੇ ਸਿੱਖਾਂ ਵਿੱਚ ਸਾਂਝੀਵਾਲਤਾ ਅਤੇ ਪਿਆਰ ਉਤਪੰਨ ਕਰੇਗਾ, ਉੱਥੇ ਅਜੋਕੇ ਦੌਰ ਵਿੱਚ ਇਸ ਕੰਮ ਦੀ ਪ੍ਰਸੰਗਤਾ ਹੋਰ ਵੀ ਵੱਧ ਜਾਂਦੀ ਹੈ। ਜਸਬੀਰ ਸਿੰਘ ਸਾਹਿਤਕ ਹਲਕਿਆਂ ਵਿੱਚ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਦੀਆਂ ਤਕਰੀਬਨ ਪੰਜਾਹ ਦੇ ਕਰੀਬ ਪੁਸਤਕਾਂ ਛੱਪ ਚੁੱਕੀਆਂ ਹਨ।

ਇਹ ਨਿਵੇਕਲੀ ਪੁਸਤਕ ਨਾ ਕੇਵਲ ਦੋਹਾਂ ਧਰਮਾਂ ਵਿੱਚ ਮੁਹੱਬਤ, ਮਿੱਤਰਤਾ ਅਤੇ ਸਾਂਝੀਵਾਲਤਾ ਦਾ ਪੈਗਾਮ ਹੀ ਨਹੀਂ ਦੇਵੇਗੀ ਸਗੋਂ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਹੋਰ ਸਾਂਝ ਮਜਬੂਤ ਕਰੇਗੀ, ਇਹ ਮੇਰਾ ਵਿਸ਼ਵਾਸ ਹੈ। ਚੰਗਾ ਹੋਵੇ ਕਿ ਇਹ ਪੁਸਤਕ 'ਸ਼ਾਹਮੁੱਖੀ' ਵਿੱਚ ਵੀ ਛਾਪੀ ਜਾਵੇ ਤਾਂ ਜੋ ਮੁਸਲਮਾਨ ਤੇ ਹੋਰ ਪੰਜਾਬੀ ਪਿਆਰੇ ਜੋ ਕੇਵਲ ਸ਼ਾਹਮੁੱਖੀ ਹੀ ਜਾਣਦੇ ਹਨ ਇਸ ਦੀ ਅਹਿਮੀਅਤ ਨੂੰ ਜਾਣ ਸਕਣ ਅਤੇ ਦੋਹਾਂ ਪੰਜਾਬਾਂ ਵਿੱਚ ਪਿਆਰ ਦੀ ਖੁਸ਼ਬੋਅ ਫੈਲ ਸਕੇ। ਮੈਂ ਡਾ. ਜਸਬੀਰ ਸਿੰਘ ਸਰਨਾ ਦੇ ਇਸ ਉੱਦਮ ਨੂੰ ਖ਼ੁਸ਼ਆਮਦੀਦ ਆਖਦਾ ਹਾਂ।

ਅੰਮ੍ਰਿਤਸਰ 12 ਜਨਵਰੀ 2019

ਚਰਨਜੀਤ ਸਿੰਘ ਗੁਮਟਾਲਾ (ਡਾ.)

ਸਿੱਖ ਕੌਮ ਦਾ ਰੋਸ਼ਨ ਸਿਤਾਰਾ



ਜੰਮੂ ਤੇ ਕਸ਼ਮੀਰ ਵਿੱਚ ਸਿੱਖਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ ਅਤੇ ਸਮੇਂ ਦੇ ਨਾਲ ਇਸ ਨੇ ਬੜੇ ਵੱਡੇ ਇਤਿਹਾਸਕਾਰ, ਖੋਜਕਾਰ ਅਤੇ ਮਹਾਨ ਪੁਰਸ਼ ਪੈਦੇ ਕੀਤੇ ਹਨ। ਮਹਾਰਾਜਾ ਰਣਜੀਤ ਸਿੰਘ ਸਮੇਂ ਜੰਮੂ ਤੇ ਕਸ਼ਮੀਰ ਦੇ ਸਿੱਖਾਂ ਦੀ ਹਰ ਗੱਲ ਦਰਬਾਰ ਵਿੱਚ ਮੰਨੀ ਜਾਂਦੀ ਸੀ। ਕਿਉਂਕਿ ਮਹਾਰਾਜਾ ਰਣਜੀਤ ਸਿੰਘ ਉਨ੍ਹਾਂ ਦੀ ਖੋਜਕਾਰੀ ਤੇ ਬੁੱਧੀ ਤੋਂ ਬਹੁਤ ਪ੍ਰਭਾਵਿਤ ਸਨ। ਸਿੱਖ ਰਾਜ ਜਾਣ ਦੀ ਇੱਕ ਵਜ੍ਹਾ ਡੋਗਰਿਆਂ ਦੀ ਗੁਦਾਰੀ ਯਾ ਡੋਗਰਿਆਂ ਦੀਆਂ ਸਾਜ਼ਿਸ਼ਾਂ ਸਨ ਪਰ ਇੱਥੋਂ ਦੇ ਵਸਨੀਕਾਂ ਨੇ ਪੰਥ ਨਾਲ ਵਫ਼ਾ ਕੀਤੀ ਤੇ ਸ਼ੁਰੂ ਤੋਂ ਹੀ ਆਪਣੀ ਵਖ਼ਰੀ ਸ਼ਨਾਖਤ ਨਾਲ ਜ਼ਿੰਦਾ ਰਹੇ ਤੇ ਸਿੱਖ ਪੰਥ ਦੀ ਸੇਵਾ ਵੀ ਜਾਨ ਨਾਲ ਕਰਦੇ ਰਹੇ ਤੇ ਜਿਸ ਸਮੇਂ ਜ਼ਰੂਰਤ ਪਈ, ਸਿੱਖ ਕੌਮ ਲਈ ਤਨ, ਮਨ ਅਤੇ ਧੰਨ ਨਾਲ ਸੇਵਾ ਨਿਭਾਈ। ਸਿੱਖ ਰਾਜ ਮਗਰੋਂ ਅੰਗਰੇਜ਼ੀ ਰਾਜ ਵਿੱਚ ਵੀ ਕਸ਼ਮੀਰੀ ਸਿੱਖਾਂ ਦਾ ਹਿੱਸਾ ਭਰਵਾਂ ਸੀ ਤੇ ਹਿੰਦੂਸਤਾਨ ਤੇ ਪਾਕਿਸਤਾਨ ਦੀ ਆਜ਼ਾਦੀ ਵਿੱਚ ਕਸ਼ਮੀਰ ਦਾ ਰੁਤਬਾ ਕਦੀ ਵੀ ਘੱਟ ਨਹੀਂ ਰਿਹਾ। ਪ੍ਰੋਫ਼ੈਸਰ ਡਾਕਟਰ ਅੱਲਾਮਾ ਇਕਬਾਲ ਅਤੇ ਨਹਿਰੂ ਤੱਕ ਤਾਅੱਲੁਕ ਵੀ ਜੰਮੂ ਤੇ ਕਸ਼ਮੀਰ ਆਣ ਪੈਦਾ ਹੋਏ।

ਪਾਕਿਸਤਾਨੀ ਸਿੱਖਾਂ ਦਾ ਤੇ ਜੰਮੂ ਕਸ਼ਮੀਰ ਦੇ ਸਿੱਖਾਂ ਦਾ ਸੰਬੰਧ ਬਹੁਤ ਖ਼ਾਸ ਹੈ ਅਤੇ ਦੋਹਾਂ ਦੇ ਮਸਲੇ ਵੀ ਇੱਕੋ ਜਿਹੇ ਨੇ। ਤੇ ਸਮਾਜੀ ਤੌਰ ਤੇ ਦੋਵੇਂ ਮੁਸਲਮਾਨ ਮੁਆਸ਼ਰੇ ਵਿੱਚ ਵਿਚਰ ਰਹੇ ਹਨ। ਮੈਂ ਜਦੋਂ ਵੀ ਆਪਣੇ ਇਤਿਹਾਸ ਵੱਲ ਝਾਤ ਮਾਰੀ ਤਾਂ ਮੈਨੂੰ ਇੱਕ ਗੱਲ ਦੀ ਘਾਟ ਮਹਿਸੂਸ ਹੁੰਦੀ ਰਹੀ ਕਿ ਸਾਡਾ ਵਸੱਫ (ਗੁਣ) ਤੇ ਇਲਾਹੀ ਬਾਣੀ ਦਾ ਸਾਥ ਜਿਨ੍ਹਾਂ ਨਾਲ ਹੈ, ਇਸ ਤੇ ਕੋਈ ਕੰਮ ਨਹੀਂ ਹੋਇਆ ਹੈ।


ਕਿਉਂਕਿ ਇੱਕ ਮੁਸਲਿਮ ਮੁਆਸ਼ਰੇ ਵਿੱਚ ਤੌਹੀਦ ਦੇ ਨਾਲ-ਨਾਲ ਇਨਸਾਨ ਦੋਸਤੀ ਅਤੇ ਪੰਜਾਬੀ ਜਾਂ ਸਿੱਖ ਸ਼ਨਾਖਤ ਦੀ ਗੱਲ ਹੁੰਦੀ ਹੈ ਤਾਂ ਇੱਕ ਗੱਲ ਹੋਰ ਵੀ ਡੂੰਘੀ ਹੋ ਜਾਂਦੀ ਏ ਕਿ ਕਿਸੇ ਵੀ ਬੰਦੇ ਨੇ ਦੋਹਾਂ ਧਰਮਾਂ ਦੇ ਇਕੋ ਜਿਹੇ ਇਲਾਹੀ ਫ਼ਰਮਾਨਾਂ ਨੂੰ ਇੱਕ ਥਾਂ ਇੱਕਠਾ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਜੋ ਕੰਮ ਹੋਇਆ ਵੀ ਹੋਏ ਤਾਂ ਖ਼ਰਿਦ (ਸੂਝ-ਬੂਝ) ਪ੍ਰੀਤੀ ਦੀ ਕੋਈ ਕੋਸ਼ਿਸ਼ ਨਹੀਂ ਹੋਈ ਤੇ ਜ਼ਰੂਰਤ ਕਿਸੇ ਨੇ ਵੀ ਮਹਿਸੂਸ ਨਹੀਂ ਕੀਤੀ। ਜੰਮੂ ਅਤੇ ਕਸ਼ਮੀਰ ਦੇ ਮਹਾਂ ਖੋਜਕਾਰ ਤੇ ਇਤਿਹਾਸਕਾਰ ਅਕਾਲੀ ਕੌਰ ਸਿੰਘ ਨੇ ਹੋਰ ਸੱਭ ਕੰਮ ਕੀਤੇ ਪਰ ਸਮੇਂ ਨੇ ਇਹਨਾਂ ਨੂੰ ਇਹ ਕੰਮ ਪੂਰਾ ਕਰਨ ਦਾ ਮੌਕਾ ਨਾ ਦਿੱਤਾ। ਉਨ੍ਹਾਂ ਇਸ ਕੰਮ ਦੀ ਸ਼ੁਰੂਆਤ ਕੀਤੀ ਪਰ ਸ਼ੁਰੂਆਤ ਵਿੱਚ ਵਾਹਿਗੁਰੂ ਵਜੋਂ ਬਖਸ਼ੀ ਸਾਹਾਂ ਦੀ ਪੂੰਜੀ ਭੋਗ ਕੇ ਚਲੇ ਗਏ ਅਤੇ ਇਹ ਕੰਮ ਅਧੂਰਾ ਰਹਿ ਗਿਆ। ਜਿਸ ਕੰਮ ਨਾਲ ਇੱਥੇ ਮਾਅਸ਼ਰੇ ਵਿੱਚ ਅਮਨ ਤੇ ਭਾਈਚਾਰਾ ਹੋਰ ਵੱਧ ਸਕਦਾ ਸੀ, ਉਹ ਕੰਮ ਕਿਸੇ ਵੀ ਨਾ ਕੀਤਾ। 20ਵੀਂ ਸਦੀ ਵਿੱਚ ਇਸ ਕੰਮ ਕਿਸੇ ਵੀ ਲਿਖਾਰੀ ਜਾਂ ਖੋਜੀ, ਹੱਥ ਨਾ ਪਾਇਆ ਤੇ ਨਾ ਹੀ ਸਿੱਖਾਂ ਨੇ ਇਸ ਬਾਰੇ ਕੋਈ ਸੋਚ ਵੀ ਸੋਚੀ ਹੋਵੇ।

ਹਾਲਾਂਕਿ ਇਹ ਕੰਮ ਬਹੁਤ ਜ਼ਰੂਰੀ ਏ ਕਿ ਜੋ ਪਿਛਲੇ ਸੋ ਸਾਲਾਂ ਤੋਂ ਸਾਡੇ ਲਿਖਾਰੀ, ਸੂਝਵਾਨ, ਖੋਜਕਾਰ ਪਤਾ ਨਹੀਂ ਕਿਉਂ ਸਾਨੂੰ ਏਕਤਾ ਤੇ ਉੱਚੇ ਰੁੱਤਬੇ ਨੂੰ ਛੱਡ ਕੇ

ਬਾਬਾਵਾਦ ਵੱਲ ਟੋਰ ਰਹੇ ਨੇ । ਜੇ ਤੁਸੀਂ ਕੌਮ ਦੀ ਹਾਲਤ ਪਿਛਲੇ 100 ਸਾਲਾਂ ਤੋਂ ਹਾਲਤ ਵੇਖੋ ਤਾਂ ਸਾਡੀ ਧਾਰਮਿਕ ਤੇ ਸਮਾਜੀ ਹਾਲਤ ਬਿਲਕੁਲ ਤਬਾਹ ਹੋ ਚੁੱਕੀ ਏ ਤੇ ਕੌਮ ਦੇ ਮਹਾਨ ਬੁੱਧੀਜੀਵੀਆਂ ਨੂੰ ਸ਼ਾਇਦ ਇਹ ਸਾਰਾ ਕੁੱਝ ਨਜ਼ਰ ਨਹੀਂ ਆ ਰਿਹਾ ਏ ਅਤੇ ਕੁੱਝ ਲੋਕਾਂ ਨੂੰ ਪਤਾ ਹੋਣ ਦੇ ਬਾਵਜੂਦ ਅੱਖਾਂ ਬੰਦ ਕਰਕੇ ਹਯਾਤੀ-ਗੁਜ਼ਾਰ ਕੇ ਤੇ ਸਦਾ ਲਈ ਅੱਖਾਂ ਬੰਦ ਕਰ ਲਈਆਂ । ਮੈਨੂੰ ਇਹ ਸੁਣ ਕੇ ਬਹੁਤ ਖੁਸ਼ੀ ਹੋਈ ਜਦੋਂ ਜੰਮੂ ਕਸ਼ਮੀਰ ਦੇ ਰਹਿਣ ਵਾਲੇ ਡਾਕਟਰ ਜਸਬੀਰ ਸਿੰਘ ਸਰਨਾ ਹੋਰਾਂ ਨਾ ਸਿਰਫ਼ ਅਕਾਲੀ ਕੌਰ ਸਿੰਘ ਦੇ ਕੰਮ ਨੂੰ ਠੀਕ ਕਰ ਲਿਆ ਬਲਕਿ ਇਸ ਵਿੱਚ ਹੋਰ ਬਹੁਤ ਜ਼ਿਆਦਾ ਵਾਧਾ ਵੀ ਕਰ ਲਿਆ। ਇਹ ਕੰਮ ਕੁਰਾਨ ਸ਼ਰੀਫ਼ ਦੀਆਂ ਆਇਤਾਂ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਇਲਾਈ ਬਾਣੀ ਨਾਲ ਮੇਲ ਖਾਂਦੀਆਂ ਜਾਂ ਇਕੋ ਜਿਹਾ ਦਾ ਤਰਜਮਾ ਕਰਕੇ ਇੱਕ ਸਿਆਣਪ ਏ। ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਗੁਰੂ ਤੇਗ਼ ਬਹਾਦਰ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਤੇ ਉਨ੍ਹਾਂ ਦੇ ਪਰਵਾਰ ਤੋਂ ਇਲਾਵਾ ਸਿੰਘਾਂ ਤੇ ਮੁਗ਼ਲ ਸਰਕਾਰ ਨੇ ਸੱਭ ਜ਼ੁਲਮ ਕੀਤੇ ਪਰ ਇਹ ਜ਼ੁਲਮ ਉਨ੍ਹਾਂ ਇੱਥੋਂ ਦੇ ਰਹਿਣਵਾਲੇ ਹਰ ਜਾਤੀ ਤੇ ਹਰ ਧਰਮ ਤੇ ਕੀਤਾ ਸਿੰਘ ਤਾਂ ਉਨ੍ਹਾਂ ਦੇ ਮੁਕਾਬਲੇ ਵਿੱਚ ਆਏ, ਸ਼ਹਾਦਤਾਂ ਦਿੱਤੀਆਂ ਪਰ ਗੁਰੂ ਨਾਨਕ ਦੇ ਭਾਈ ਮਰਦਾਨੇ ਤੋਂ, ਪੀਰ ਬੁੱਧੂ ਸ਼ਾਹ ਦੇ ਲਾਸਾਨੀ ਸ਼ਹਾਦਤ ਨੂੰ ਵੀ ਨਾ ਭਲੋ । ਰਾਇ ਬੁਲਾਰ ਜੀ ਤੋਂ ਲੈ ਕੇ ਨੱਬੀ ਖਾਨ, ਗੰਨੀ ਖਾਨ ਤੱਕ ਇਸ ਬਣੀ ਹੋਈ ਵਫ਼ਾਦਾਰੀ ਨੂੰ ਨਾ ਭੁਲੋ ਤੇ ਗੁਰੂ ਸਾਹਿਬਾਨ ਨੇ ਹਰ ਥਾਂ ਮੁਸਲਮਾਨ ਧਰਮ ਨੂੰ ਇਸ ਦਾ ਮਾਣ ਸਤਿਕਾਰ ਦਿੱਤਾ। ਮੇਰਾ ਸਿੱਖੋ ਕੌਮ ਕੋਲੋਂ, ਇਹ ਸਵਾਲ ਹੈ। ਐਸਾ ਕੰਮ ਕਿਉਂ ਨਹੀਂ ਕਰਦੀ ਜਿਸ ਵਿੱਚ ਦੋਵੇਂ ਕੌਮਾਂ ਆਪਸ ਵਿੱਚ ਸਮਝੋਤਾ ਪੈਦਾ ਕੀਤਾ ਜਾਵੇ। ਸਿੱਖ ਕੌਮ ਨੂੰ ਜੇ ਵੇਖਿਆ ਜਾਵੇ ਤਾਂ ਹੁਣ ਜਿਨੇ ਵੀ ਕੰਮ ਕੀਤੇ, ਹੁਣ ਇਸ ਨਾਲ ਇਹ ਗੱਲ ਨਿੱਤਰ ਕੇ ਸਾਹਮਣੇ ਆਉਂਦੀ ਏ ਕਿ ਉਹ ਮੁਗਲਾਂ ਦੀ ਹਰ ਗੱਲ ਦਾ ਜ਼ਿੰਮੇਦਾਰ ਇਸਲਾਮ ਧਰਮ ਨੂੰ ਸਮਝਦੀ ਏ। ਜਿਹੜੀ ਸਰਾਸਰ ਗ਼ਲਤ ਏ ਤੇ ਬੇ-ਬੁਨਿਆਦ ਵੀ ਏ। ਮੈਂ ਜਸਬੀਰ ਸਿੰਘ ਸਰਨਾਂ ਸਿੱਖ ਕੌਮ ਦੇ ਰੋਸ਼ਨ ਸਿਤਾਰ ਹੋਰਾਂ ਨੂੰ ਦੋ ਧਰਮਾਂ ਦੇ ਸੁਝਾਉਤੇ ਲਈ ਤੇ ਸਿੱਖ ਕੌਮ ਦੀ ਵਿਸ਼ਾਲਤਾ ਨੂੰ ਫਿਰ ਸਿੱਖ ਫ਼ਿਲਾਸਫ਼ੀ ਦੇ ਮੁਤਾਬਿਕ ਕਰਨ ਲਈ ਇਹ ਕੰਮ ਹੋਣਾ ਤੇ ਮੈਂ ਤੇ ਪਾਕਿਸਤਾਨ ਦਾ ਹਰ ਬਾਸ਼ਿੰਦਾ ਵਧਾਈ ਪੇਸ਼ ਕਰਦਾ ਏ ਤੇ ਆਸ ਕਰਦਾ ਹਾਂ ਕਿ ਆਉਣ ਵੇਲੇ ਤੇ ਇਸ ਕਿਤਾਬ ਨੂੰ ਪੜ੍ਹ ਕੇ ਸਿੱਖ ਕੌਮ ਦੇ ਨਾਲ-ਨਾਲ ਮੁਸਲਮਾਨ ਪੜ੍ਹਿਆ ਲਿਖਿਆ ਤਬੱਕਾ ਵੀ ਇਸ ਗੱਲ ਤੇ ਮਜ਼ਬੂਰ ਹੋ ਜਾਏ ਤਾਂ ਕਿ ਉਹ ਦੋਵੇਂ ਧਰਮਾਂ ਵਿੱਚ ਸਾਂਝੀਵਾਲਤਾ ਦੀ ਬਹੁਤ ਗੱਲ ਏ। ਜਿਸ ਨੂੰ ਇਕ ਕਰਨ ਵਾਸਤੇ ਕੋਸ਼ਿਸ਼ ਸ਼ੁਰੂ ਹੋ ਜਾਵੇਗੀ ਤੇ ਆਉਣ ਵਾਲਾ ਸਮਾਂ ਅਮਨ ਦਾ ਹੋਵੇਗਾ, ਮੋਢੀ ਜਸਬੀਰ ਸਿੰਘ ਸਰਨਾ ਹੋਵੇਗਾ ਤੇ ਸਿੱਖ ਕੌਮ ਨੂੰ ਉਨ੍ਹਾਂ ਤੇ ਫਖ਼ਰ ਹੋਵੇਗਾ।

ਕਲਿਆਣ ਸਿੰਘ ਕਲਿਆਣ (ਪ੍ਰੋ.)
ਜੀ.ਸੀ.ਯੂ
ਲਾਹੌਰ ਯੂਨੀਵਰਸਟਿ, ਲਾਹੌਰ

ਇੱਕ ਸਵਾ ਲੱਖੀ ਪਾਰਖੂ ਖੋਜਕਾਰ



ਕਵਿਤਾ, ਅਦਬ ਦੀ ਗੱਲ ਕਰੀਏ ਤਾਂ ਵਰਤਮਾਨ ਵਿੱਚ ਇੱਟ ਪੁੱਟਦੇ ਥਲਿਉਂ ਕਵੀ, ਅਦੀਬ ਨਿੱਕਲ ਆਉਂਦੇ ਹਨ ਪਰ ਵਧੀਆਂ ਪਰਚੇਕਾਰੀ, ਖੋਜਕਾਰੀ ਦੇ ਖੇਤਰ ਵਿਚ ਅਜੇ ਵੀ ਘਾਟ ਜਾਪਦੀ ਹੈ। ਇਸ ਅਵਸ਼ਕਤਾ ਨੂੰ ਪੂਰਨ ਲਈ ਅਨੇਕਾਂ ਵਿਦਵਾਨਾਂ ਇਸ ਸਾਗਰ ਦੇ ਤਾਰੂ ਬਣੇ ਪਰ ਪਾਰ ਉਹ ਹੀ ਲੰਘਦੇ ਹਨ ਜਿਨ੍ਹਾਂ ਜੈਠ-ਹਾੜ ਦੀਆਂ ਤੱਪੀਆਂ ਧੁਪਾਂ, ਪੋਹ-ਮਾਘ ਦੇ ਕੱਕਰੇ ਵਿਨੇ ਪਾਲੇ ਤੇ ਸਾਵਣ-ਭਾਦੋਂ ਤੱਪੀਆਂ ਧੁਪਾਂ, ਪੋਹ-ਮਾਘ ਦੇ ਕੱਕਰੇ ਵਿਨੇ ਪਾਲੇ ਤੇ ਸਾਵਣ-ਭਾਦੋਂ ਵਿੱਚ ਹਯਾਤੀ ਦਾ ਪੰਧ ਹੰਢਾਇਆ ਹੋਵੇ। ਇਹ ਬਾਜ਼ੀ ਜਿੱਤਣ ਲਈ ਇੱਕਲੀ ਕਲਮ ਦਾ ਬਲ ਹੀ ਨਹੀਂ ਸਗੋਂ ਤੀਜੇ ਨੇਤਰ ਦੇ ਚਾਨਣ ਦੀ ਵੀ ਲੋੜ ਹੁੰਦੀ ਹੈ। ਮੇਰਾ ਅੰਦਾਜ਼ਾ ਹੈ ਬਲਕਿ ਸਹੀ ਅੰਦਾਜ਼ਾ ਹੈ ਕਿ ਡਾ.ਜਸਬੀਰ ਸਿੰਘ ਸਰਨਾ ਜੀ ਵਿੱਚ ਇਹ ਸਾਰੀਆਂ ਖੂਬੀਆਂ ਮੌਜੂਦ ਨੇ ਤੇ ਉਨ੍ਹਾਂ ਇਹ ਸਾਰੇ ਮੌਸਮ ਹੰਢਾਇ ਨੇ। ਤਾਂ ਹੀ ਤੇ ਉਹਨ੍ਹਾਂ ਆਪਣੀ ਪੁਸਤਕ ਲਈ ਇਸ ਵਿਲੱਖਣ ਵਿਸ਼ੇ ਦੀ ਚੋਣ ਕੀਤੀ ਹੈ। ਉਨ੍ਹਾਂ ਦੀ ਪਰਖ ਤੇ ਖੋਜਕਾਰੀ ਦੀ ਵਿਸ਼ੇਸ਼ਤਾ ਇਹ ਹੈ ਕਿ ਇੱਕ ਦੂਜੇ ਧਰਮੀ ਵਿਦਵਾਨ ਨੇ ਇਸ ਵਿਸ਼ੇ ਤੇ ਕਲਮਕਾਰੀ ਦਾ ਯਤਨ ਕੀਤਾ ਹੈ। ਜਿਥੋਂ ਤੱਕ ਮੇਰੀ ਜਾਣਕਾਰੀ ਹੈ ਡਾਕਟਰ ਸਰਨਾ ਜੀ ਪਹਿਲੇ ਵਿਦਵਾਨ ਵੇਖੇ ਹਨ ਜਿਨ੍ਹਾਂ ਦਾ ਧਿਆਨ ਇਸ ਅਛੂਤੇ ਵਿਸ਼ੇ ਲਈ ਕੀਤਾ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਇਹ ਕੰਮ ਵਿਸ਼ਵ-ਪੱਧਰ ਦੀ ਮਹਾਨਤਾ ਪ੍ਰਾਪਤ ਕਰ ਕੇ ਅਮਰ ਪਦੱਵੀ ਪਾਵੇਗਾ।

ਮੈਂ ਗੁਰੂ ਗ੍ਰੰਥ ਸਾਹਿਬ ਨੂੰ ਵਿਸਥਾਰ ਨਾਲ ਨਹੀਂ ਪੜ੍ਹਿਆ ਪਰ ਮੈਨੂੰ ਜਿੰਨ੍ਹੀ ਵੀ ਜਾਣਕਾਰੀ ਇਸ ਪਵਿੱਤਰ ਗ੍ਰੰਥ ਬਾਰੇ ਸੀ, ਮੈਂ ਇਸ ਨਾਲ ਕਹਿ ਸਕਦਾ ਕਿ ਮਹਾਂ ਗੁਰੂ ਨਾਨਕ ਜੀ ਮਹਾਰਾਜ ਨੇ ਕੁਰਾਨ ਸ਼ਰੀਫ਼ ਤੇ ਕੇਵਲ ਪੰਛੀ ਝਾਤ ਨਹੀਂ ਪਾਈ ਸਗੋਂ ਜਾਗਦੇ ਜਿਹਨ ਦੀ ਅੱਖ ਨਾਲ ਨੀਝ ਲਾ ਕੇ ਇਹਦੇ ਵਿੱਚੋਂ ਇਨਸਾਨੀ ਵਸੱਬ ਲਈ ਚੁਣ-ਚੁਣ ਕੇ ਮੋਤੀ ਇੱਕਠੇ ਕੀਤੇ ਨੇ। ਬਾਬਾ ਜੀ ਕੁਰਾਨ ਸ਼ਰੀਫ਼ ਨੂੰ ਮੁਸਲਮਾਨਾਂ ਲਈ Full Code of Life ਮੰਨਦੇ ਹਨ। ਇਸ ਵਿੱਚ ਜ਼ਿੰਦਗੀ ਗੁਜ਼ਾਰਨ ਬਾਰੇ ਡੂੰਘੇ ਵਿਚਾਰਾਂ ਦਾ ਜੋ ਭਾਸ਼ਣ ਦਿੱਤਾ, ਉਹ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਮੌਜੂਦ ਹੈ।

ਗੁਰੂ ਸਾਹਿਬਾਨ ਵਿੱਚ ਬਹੁਤ ਸਾਰੀਆਂ ਖੂਬੀਆਂ ਤੋਂ ਇਲਾਵਾ ਇਕ ਉਚੇਰੀ ਖੂਬੀ ਇਹ ਵੀ ਹੈ ਕਿ ਉਹ ਆਪਣੇ ਕਰਮਾਂ ਕਾਰਨ ਲੋਕਾਈ ਨੂੰ ਮਿਸਾਲੀ ਲੋਕਾਈ ਬਣਾਉਣ ਵਿੱਚ ਕਾਮਯਾਬ ਹੋਵੇ।

ਮਹਾਂ ਗੁਰੂ ਨਾਨਕ ਜੀ ਮਹਾਰਾਜ ਨੇ ਕੁਰਾਨ ਸ਼ਰੀਫ਼ ਦਾ ਅਧਿਐਨ ਕਰਦਿਆਂ, ਆਪਣੇ ਕਲਾਮ ਰਾਹੀਂ ਮਹਾਂ ਵਿਗਿਆਨਕ ਢੰਗ ਨਾਲ ਇੱਕ ਮਾਹਰ ਤਰਖਾਣ ਦੇ ਅਮਲੀ ਰੂਪ ਰਾਹੀਂ ਖੋਖਲੇ ਤੇ ਵਿੱਗੜੇ ਵਸੱਬ ਦੀਆਂ ਖੋਖਲੀਆਂ ਚੂਲਾਂ ਢੱਕਣ ਤੇ ਕਨੋ ਕੱਢਣ ਦਾ ਕਾਮਯਾਬ ਯਤਨ ਕੀਤਾ ਹੈ। ਡਾ. ਜਸਬੀਰ ਸਿੰਘ ਸਰਨਾ ਜੀ ਨੇ ਮੈਨੂੰ ਜਿਹੜੀ ਪੁਸਤਕ ਘੱਲੀ, ਉਨ੍ਹਾਂ ਵਿੱਚ ਜਿਨ੍ਹਾਂ ਕੁਰਾਨੀ ਸੂਰਤਾਂ/ਆਇਤਾਂ ਦਾ ਗੁਰੂ ਗ੍ਰੰਥ ਸਾਹਿਬ ਨਾਲ ਮੁਕਾਬਲਾ ਦੱਸਿਆ ਏ, ਉਹ ਬਿਲਕੁਲ ਦਰੁਸਤ ਹੈ।

ਸੱਭ ਤੋਂ ਉਚੇਚਾ ਤਾਂ ਮੂਲਮੰਤਰ ਹੈ ਜਿਸ ਦਾ ਪਾਠ ਤੇ ਕੀਰਤਨ ਹਰ ਧਾਰਮਿਕ ਸਮਾਗਮ ਵਿੱਚ ਕੀਤਾ ਜਾਂਦਾ ਹੈ:

"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥"

ਇਸ ਲਈ ਇਸਲਾਮ ਧਰਮ ਰੱਖਦਿਆਂ ਵੀ ਮੇਰੇ ਵਿਚਾਰਾਂ ਨੇ ਕਿ ਗੁਰੂ ਨਾਨਕ ਜੀ ਮਹਾਰਾਜ ਪ੍ਰਮਾਤਮਾ ਦੇ ਉਹਨਾਂ ਭਗਤਾਂ ਵਿੱਚੋਂ ਸਨ, ਜਿਨ੍ਹਾਂ ਦਾ ਪ੍ਰਮਾਤਮਾ ਨਾਲ ਸਿੱਧਾ (Direct) ਵੀ ਰਾਬਤਾ ਹੁੰਦਾ ਰਿਹਾ ਹੈ, ਉਹ ਇੱਕ ਵੱਲੀ ਅੱਲਾਹ ਸਨ। ਸੰਭਾਵਤ ਹੈ ਕਿ ਕੋਈ ਹੋਰ ਵਿਅਕਤੀ ਮੇਰੇ ਇਸ ਵਿਚਾਰ ਨਾਲ ਸਹਿਮਤ ਨਾ ਹੋਵੇ ਕਿਉਂਕਿ ਜੇ ਹਰ ਮਨੁੱਖ ਦੇ ਭਾਵੇਂ ਹੋਰ ਲੇਖਕ ਹੋਵੇ ਜਾਂ ਕਵੀ ਵਿਚਾਰ ਆਪਣੇ-ਆਪਣੇ ਹੁੰਦੇ ਹਨ। ਦਰੁਸਤ ਹੈ 'ਸੋਚਾਂ ਉੱਤੇ ਪਹਿਰੇ ਕਦੀ ਵੀ ਲੱਗੇ ਨਹੀਂ।' ਸਾਰੇ ਧਰਮ ਇਸ ਲਈ ਚੰਗੇ ਹਨ ਕਿ ਜਦ ਵੀ ਪ੍ਰਮਾਤਮਾ ਦੇ ਅਵਤਾਰ ਨੇ ਕਿਸੇ ਧਰਮ ਦੀ ਨੀਂਹ ਰੱਖੀ ਤੇ ਉਹ ਸਿਰਫ਼ 'ਸਤਿ ਸ੍ਰੀ ਅਕਾਲ' ਦੇ ਸਿਧਾਂਤ ਦੇ ਉੱਤੇ ਰੱਖੀ ਗਈ। ਬਿਨ੍ਹਾਂ ਕਿਸੇ ਅਨੁਮਾਨ ਇਹ ਉੱਪਰ ਦਿੱਤਾ ਮੂਲਮੰਤਰ ਕੁਰਾਨ ਕਰੀਮ ਦੇ ਸੂਰਾ ਅਖਲਾਸ ਦਾ ਤਰਜਮਾ ਹੈ। ਇਸ ਤੋਂ ਇਲਾਵਾ ਉਨ੍ਹਾਂ ਸੂਰਤਾਂ/ਆਇਤਾਂ ਜਿਹੜੀਆਂ ਗੁਰੂ ਗ੍ਰੰਥ ਸਾਹਿਬ ਨਾਲ ਲਫ਼ਜ਼, ਲਫ਼ਜ਼ ਨਹੀਂ ਮਿੱਲਦੀਆਂ ਪਰ ਆਪਸ ਸਾਂਝ ਜ਼ਰੂਰ ਰੱਖਦੀਆਂ ਹਨ।

ਮੈਂ ਇੱਕ ਧਾਰਮਿਕ ਪਰਵਰਤੀ ਮਨੁੱਖ ਹੋਣ ਪਾਰੋਂ ਧਰਮੀ ਨਸਬ ਤੋਂ ਨਿਰਪੱਖ ਹੋ ਕੇ ਕਹਿ ਸਕਨਾ ਕਿ ਹਯਾਤੀ ਗੁਜ਼ਾਰਨ ਲਈ ਜਿਨੀ ਡੂੰਘ ਕੁਰਾਨ ਸ਼ਰੀਫ਼ ਨੇ ਦਸੇ ਨੇ ਉਹਨਾਂ ਦਾ ਸੰਕੇਤ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਮਿੱਲਦਾ ਹੈ। ਇਹਦਾ ਕਾਰਨ ਇੱਕ ਤੇ ਇਹ ਹੈ ਕਿ ਮੁਸਲਮਾਨ ਸੂਫ਼ੀਆਂ, ਔਲਿਆਂ ਦੇ ਸਲੋਕ ਗੁਰੂ ਗ੍ਰੰਥ ਸਾਹਿਬ ਦੇ ਹਿੱਸੇ ਹਨ।

ਡਾ. ਜਸਬੀਰ ਸਿੰਘ ਸਰਨਾ ਦੀ ਵਰਤਮਾਨ ਵਿਚਾਰਧਾਰਾ ਤੇ ਸਮੇਂ ਦੇ ਨਾਲ ਤੁਰਨਵਾਲੇ ਵਧੀਆਂ ਮਨੁੱਖ ਨੇ। ਜਿਸ ਦੇ ਸਬੂਤ ਵਿੱਚ ਉਹਨਾਂ ਸੂਰਾ ਮੋਸੂਨ ਦੇ ਹਵਾਲੇ ਨਾਲ ਹਜ਼ਰਤ ਈਸਾ ਦੀ ਹਿੱਜਰਤ ਦੀ ਗੱਲ ਕਰਦਿਆਂ ਕੁਰਾਨੀ ਆਇਤ ਦਾ ਤਰਜ਼ਮਾ ਕੀਤਾ ਹੈ ਕਿ ਹਜ਼ਰਤ ਈਸਾ ਆਪਣੀ ਮਾਤਾ ਮਰੀਅਮ ਨਾਲ ਹਿਜ਼ਰਤ ਕਰ ਕੇ ਚਲਦੇ-ਚਲਦੇ ਇੱਕ ਉੱਚੀ ਜਗਾਹ ਠਹਿਰੇ ਜੋ ਅਸਥਾਨ ਠਹਿਰਨ ਯੋਗ ਸੀ ਤੇ ਵੱਗਦੇ ਪਾਣੀਆਂ ਦਾ ਇਲਾਕਾ ਸੀ। ਇਸ ਤੋਂ ਮੁਰਾਦ ਉਨ੍ਹਾਂ ਕਸ਼ਮੀਰ ਲਿਆ ਏ ਜਿਸ ਦੀ ਸੱਚਾਈ ਬਾਰੇ ਯਹਊਦੀਆਂ ਦੀ ਬਾਇਬਲ ਤੇ ਹਿੰਦੂ ਇਤਿਹਾਸ ਵਿੱਚ ਹਵਾਲੇ ਮਿੱਲਦੇ ਹਨ। ਯਾਨੀ ਇਹ ਗੱਲ ਅਕੱਲ ਦੇ ਕੋਲੋਂ ਲੰਘਦੀ ਹੈ। ਮੈਂ ਇਸ ਤੋਂ ਇਲਾਵਾ ਕੁੱਝ ਇਤਿਹਾਸਕ ਪੁਸਤਕਾਂ ਪੜ੍ਹੀਆਂ ਹਨ। ਜੋ ਇਸ ਵਾਅਕੇ ਨੂੰ ਸੱਚਾ ਸਾਬਤ ਕਰਦੀਆਂ ਹਨ। ਬਲਕਿ ਇਕ ਕਿਤਾਬਚਾ ਮੇਰੇ ਹੱਥ ਲੱਗਾ ਜਿਸ ਦਾ ਸਿਰਨਾਵਾਂ ਸੀ 'ਮਸੀਹਾ ਹਿੰਦੁਸਤਾਨ ਮੇਂ'। ਇਹ ਛੋਟੀ ਜਿਹੀ ਕਿਤਾਬ ਪਾਕਿਸਤਾਨ ਮੇਰੇ ਕੁੱਤਬਖਾਨੇ ਵਿੱਚ ਮੌਜੂਦ ਹੈ। ਉਸ ਕਿਤਾਬ ਵਿੱਚ ਬੜੇ ਪ੍ਰਤੱਖ ਪ੍ਰਮਾਣ ਦਿੱਤੇ ਗਏ ਹਨ ਕਿ ਹਜ਼ਰਤ ਈਸਾ ਆਪਣੀ ਮਾਤਾ ਜੀ ਨਾਲ ਹਿੱਜਰਤ ਕਰ ਕੇ ਕਸ਼ਮੀਰ ਆ ਗਏ ਤੇ ਬਾਕੀ ਦੀ ਹਯਾਤੀ ਉੱਥੇ ਹੀ ਗੁਜ਼ਾਰੀ ਤੇ ਉੱਥੇ ਸ੍ਰੀਨਗਰ ਮਹੱਲਾ ਖ਼ਾਨਿਆਰ ਵਿੱਚ ਉਨ੍ਹਾਂ ਦੀ ਕਬੱਰ ਹੈ ਜਿਸ ਤੇ ਲਿਖਿਆ ਏ 'ਸ਼ਹਿਜ਼ਾਦਾ ਨੱਬੀ'। ਇਹ ਜਿਹੜਾ ਮੁਸਲਮਾਨਾਂ ਦਾ ਅਕੀਦਾ ਹੈ ਕਿ ਅੱਲਾਹ ਨੇ ਉਸਨੂੰ ਜ਼ਿੰਦਾ ਅਸਮਾਨ ਤੇ ਉੱਠਾ ਲਿਆ,

ਕਿਸੇ ਗਲਤ ਫ਼ਹਿਮੀ ਦਾ ਨਤੀਜਾ ਹੈ। ਕੁੱਝ ਉਲਮਾਂ ਨੇ ਕੁਰਾਨ ਸ਼ਰੀਫ਼ ਵਿਚੋਂ 30 ਆਇਤਾਂ ਦੀ ਨਿਸ਼ਾਨਦਹੀ ਕੀਤੀ ਹੈ। ਜੋ ਈਸਾ-ਅੱਲ-ਇਸਲਾਮ ਨੂੰ ਵਫ਼ਾਦ ਸ਼ੁਦਾ ਜ਼ਾਹਿਰ ਕਰਦੀਆਂ ਹਨ। ਤੁਸੀਂ ਚਾਹੋਂ ਤਾਂ ਮੈਂ ਤੁਹਾਨੂੰ ਉਹ 30 ਆਇਤਾਂ ਘੱਲ ਸਕਨਾ।

ਮੈਨੂੰ ਬੜੀ ਖੁਸ਼ੀ ਹੋਈ ਤੁਹਾਡੇ ਇਹ ਵਿਚਾਰ ਪੜ੍ਹ ਕੇ ਕਿ ਕੁਰਾਨ ਸ਼ਰੀਫ਼ 'ਇਲਾਹੀ ਬਾਣੀ' ਹੈ, ਇਹ ਵਿਚਾਰ ਹਕੀਕੀ ਧਾਰਮਿਕ ਨਿਰਪੱਖ ਵਿਦਵਾਨ ਦੇ ਹੀ ਹੋ ਸਕਦੇ ਹਨ। ਆਖ਼ਰ ਤੇ ਅਰਦਾਸ ਕਰਨਾ ਕੀ ਵਾਹਿਗੁਰੂ ਤੁਹਾਨੂੰ ਤੇ ਤੁਹਾਡੇ ਪਰਿਵਾਰ ਦੀ ਹਰ ਸਮੇਂ ਰਖਿਆ ਕਰੇ ਤੇ ਵਿਸ਼ੇਸ਼ ਕਿਰਪਾ ਕਰੇ!

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਮਸੂਦ ਚੋਧਰੀ (ਲਾਹੌਰ)
ਪ੍ਰਸਿੱਧ ਪੰਜਾਬੀ ਅਤੇ ਉਰਦੂ ਲੇਖਕ
ਜਰਮਨੀ

ਇੱਕ ਕਾਬਲੇ ਕਦਰ ਗ੍ਰੰਥ



ਪੰਜਾਬ ਦਾ ਖਿੱਤਾ, ਜੋ ਸੰਸਾਰੇ-ਖ਼ੁਦਾ ਦਾਦ ਪਾਕਿਸਤਾਨ ਵਿੱਚ ਆਪਣੀ ਖੁਸ਼ਹਾਲੀ ਤੇ ਤਰੋ-ਤਾਜ਼ਗੀ ਅਤੇ ਮਰਦਮਖੇਜ਼ੀ ਲਈ ਜ਼ਮਾਨੇ-ਭਰ ਵਿੱਚ ਮਸ਼ਹੂਰ ਏ, ਤਹਿਜ਼ੀਬ ਤੇ ਸਭਿਅਤਾ ਨੇ ਜਿਨੀਆਂ ਵੀ ਕਰਵਟਾਂ ਲਈਆਂ ਹਨ, ਉਸ ਖਿੱਤੇ ਨੇ ਆਪਣੀ ਖ਼ਾਸ ਪਹਿਚਾਨ ਬਰਕਰਾਰ ਰੱਖੀ ਹੈ। ਉਂਝ ਤਾਂ ਇਸ ਧਰਤੀ ਦੇ ਗਰਭ ਵਿੱਚ ਅਣਗਿੱਣਤ ਪ੍ਰਸਿੱਧ ਸ਼ਖਸ਼ੀਅਤਾਂ ਨੇ ਜਨਮ ਲਿਆ ਪਰ ਕੁੱਝ ਇੱਕ ਤਾਂ ਇਤਨੀ ਹਮਸਫ਼ ਮਾਸੂਫ਼ ਹੋਈ ਏ ਕਿ ਸੰਸਾਰ ਵਿੱਚ ਇੱਜ਼ਤ ਤੇ ਅਹਿਤਰਾਮ ਦੇ ਸਾਰੇ ਸਿਲਸਿੱਲੇ ਇਨ੍ਹਾਂ ਨਾਲ ਅਪਣਤ ਲਈ ਇਫਤਿਖ਼ਾਰ (ਵਡਿਆਈ) ਸਮਝਦੇ ਹਨ।

ਇਸ ਤਰ੍ਹਾਂ ਦੀਆਂ ਹਸਤੀਆਂ ਹਰ ਮਜ਼ਹਬ ਅਤੇ ਹੋਰ ਕੌਮ ਵਿੱਚ ਮਿਲਦੀਆਂ ਹਨ। ਗੁਰੂ ਨਾਨਕ ਦੇਵ ਜੀ ਵੀ ਅਜਿਹੀ ਬੇ-ਮਿਸਾਲ ਅਤੇ ਬਾ-ਕਮਾਲ ਹਸੱਤੀ ਹਨ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਨੂੰ ਜ਼ਮਾਨੇ-ਭਰ ਵਿੱਚ ਸ਼ਾਨ ਤੇ ਸ਼ਨਾਖੱਤ (ਪਹਿਚਾਣ) ਮਹੁੱਈਆ ਕਰਾਈ। ਉਨ੍ਹਾਂ ਨੇ ਪ੍ਰਭੂ ਦੀ ਵਹਿਦਾਨੀਅਤ (ਏਕਤਾ) ਦਾ ਪਾਠ ਫਿਰ ਤੋਂ ਦੁਬਾਰਾ-ਆਮ ਕਰਨ ਦਾ ਬੀੜਾ ਚੁੱਕਿਆ ਕਿ ਕਵੀ ਮੱਸ਼ਰਕ ਹਕੀਮ ਇਲਾਮਾ ਮੁਹੰਮਦ ਇਕਬਾਲ ਨੇ ਇਨ੍ਹਾਂ ਸ਼ਬਦਾਂ ਵਿੱਚ ਖਰਾਜੇ-ਤਸਕੀਨ ਪੇਸ਼ ਕੀਤਾ।

'ਬੁੱਤ ਕੱਦਾ ਫਿਰ ਬਾਅਦ ਮੁੱਦਤ ਕੇ ਮੱਗਰ ਰੋਸ਼ਨ ਹੂਆ
ਨੂਜ਼-ਏ-ਇਬਰਾਹੀਮ ਸੇ ਆਜ਼ਰ ਕਾ ਘਰ ਰੋਸ਼ਨ ਹੂਆ
ਫਿਰ ਉੱਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦ-ਏ-ਕਮਾਲ ਨੇ ਜਗਾਯਾ ਖ਼ਾਬ ਸੇ'

ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਅਤੇ ਇਲਮ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਪਤਾ ਚਲਦਾ ਹੈ ਕਿ ਗੁਰੂ ਜੀ ਸੱਭ ਤੋਂ ਵੱਧ ਜ਼ੋਰ ਇਕ ਪਰਮਾਤਮਾ ਅਤੇ ਇੱਕ ਅੱਲਾਹ ਨੂੰ ਦਿਲ-ਵ-ਜਾਨ ਤੋਂ ਤਸਲੀਮ ਕਰ ਕੇ ਦਿੱਤਾ, ਜੋ ਵਾਕਿਆ ਹੀ ਬੇ-ਮਿਸਾਲ ਅਤੇ ਲਾਜਵਾਬ ਤਾਲੀਮ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੇ ਨ ਕੋਇ (2)

ਇਨ੍ਹਾਂ ਦੀ ਤਾਲੀਮ ਵਿੱਚ ਬਹਤੁ ਸਾਰੇ ਅਜਿਹੇ ਸ਼ਬਦ ਹਨ ਜੋ ਇਸਲਾਮੀ ਤਾਲੀਮ ਅਤੇ ਸੱਚਾਈ ਨਾਲ ਮੇਲ ਖਾਂਦੇ ਹਨ। ਕੁੱਝ ਕੁਰਾਨ ਮਜੀਦ ਦੇ ਤੀਸਵੇਂ ਪਾਰੇ ਵਿੱਚ ਸੂਰਾ ਨੰਬਰ 112 ਵਿੱਚ ਤੌਹੀਦ ਦੇ ਲੇਖ ਬਿਆਨ ਕੀਤੇ ਗਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਕਾਬਲੇ-ਜ਼ਿਕਰ ਹਨ:

- **ਕੁਰਾਨ ਮਜੀਦ:** ਕਹਿ ਦਿਉ ਉਹ ਅੱਲਾਹ ਇੱਕ ਹੈ (ਸੂਰਾ ਇਖਲਾਸ 4:30)

ਸ੍ਰੀ ਗੁਰੂ ਗ੍ਰੰਥ ਸਾਹਿਬ : ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਮਹਿਲਾ ੧, ਅੰਕ:350)

- **ਕੁਰਾਨ ਮਜੀਦ:** ਅੱਲਾਹ ਬੇਨਿਆਜ਼ ਹੈ (ਸੂਰਾ ਇਖਲਾਸ 24:30)
  ਸ੍ਰੀ ਗੁਰੂ ਗ੍ਰੰਥ ਸਾਹਿਬ: ਬੇਮੁਹਤਾਜੁ ਬੇਅੰਤੁ ਅਪਾਰਾ ॥ (ਮਹਲਾ ੧, 1190)
- **ਕੁਰਾਨ ਮਜੀਦ:** ਬੇਸ਼ਕ ਅੱਲਾਹ ਮੇਰਾ ਵੀ ਰੱਬ ਹੈ ਅਤੇ ਤੁਹਾਡਾ ਵੀ ਰੱਬ ਹੈ। **(ਸੂਰਾ ਅਲ ਅਮਰਾਨ 51:4)**

ਸ੍ਰੀ ਗੁਰੂ ਗ੍ਰੰਥ ਸਾਹਿਬ : ਰੱਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ। (ਮਹਲਾ ੧, 141)

- **ਕੁਰਾਨ ਮਜੀਦ:** ਬੇਸ਼ਕ ਅੱਲਾਹ ਜੋ ਚਾਹੁੰਦਾ ਹੈ, ਉਹ ਕਰਦਾ ਹੈ। (ਸੂਰਾ ਅਲਹੱਜ 18:17)

ਸ੍ਰੀ ਗੁਰੂ ਗ੍ਰੰਥ ਸਾਹਿਬ: ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ। (ਮਹਲਾ ੧, 337)

ਇਹ ਕੁੱਝ ਮਿਸਾਲਾਂ ਸਨ ਜੋ ਇਨ੍ਹਾਂ ਦੋਵਾਂ ਪਵਿੱਤਰ ਗ੍ਰੰਥਾਂ ਵਿੱਚ ਬਹੁਤ ਸਾਰੇ ਇਕੋ ਜਿਹੇ ਲੇਖ ਤਲਾਸ਼ ਕੀਤੇ ਜਾ ਸਕਦੇ ਹਨ। ਕਾਬਲੇ-ਕਦਰ ਸਤਿਕਾਰਤ ਜਸਬੀਰ ਸਿੰਘ ਸਰਨਾ ਜੀ ਨੇ ਇੱਕ ਲੰਮੇ ਸਮੇਂ ਅਤੇ ਗਹਿਰੇ-ਅਧਿਐਨ ਤੋਂ ਬਾਅਦ ਮਜੀਦ ਦੇ 114 ਆਇਤਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਦਾ ਅੰਸ਼ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨਾਲ ਮਿੱਲਦਾ ਹੈ। ਜਸਬੀਰ ਸਿੰਘ ਸਰਨਾ ਦਾ ਇਹ ਗ੍ਰੰਥ ਕਾਬਿਲੇ-ਤਾਰੀਫ਼ ਅਤੇ ਕਾਬਿਲੇ-ਜ਼ਿਕਰ ਹੈ ਕਿ ਮੁਸਲਮਾਨਾਂ ਅਤੇ ਸਿੱਖਾਂ ਵਿਚ ਮੌਜੂਦ ਮੁਸ਼ਤਰਾਕ (ਇਕਸਾਰ) ਸਾਹਮਣੇ ਲਿਆ ਕੇ, ਉਨ੍ਹਾਂ ਦੋਵਾਂ ਧਰਮਾਂ ਯਾਨੀ ਇਸਲਾਮ ਅਤੇ ਸਿੱਖ ਧਰਮ ਦੇ ਪਹਿਰੋਕਾਰਾਂ ਵਿੱਚਕਾਰ ਹਮਹਾਂਗੀ- (ਸਾਂਝੀਵਾਲਤਾ) ਅਤੇ ਕੁਰੱਬਤ (ਨੇੜਤਾ) ਪੈਦਾ ਕੀਤੀ ਜਾ ਸਕਦੀ ਹੈ।

ਬੇਚੈਨੀ, ਫੁੱਟ ਅਤੇ ਨਫ਼ਰਤ ਨੇ ਨਾ ਸਿਰਫ਼ ਕੁੱਲ-ਆਲਮ ਹਿੰਦ-ਪਾਕਿ, ਬਲਕਿ ਅਮਨ-ਆਲਮ ਨੂੰ ਦਾਅ ਤੇ ਲਾ ਦਿੱਤਾ ਹੈ। ਆਪਸੀ ਮੁਹੱਬਤ, ਇਜ਼ਤ-ਰੁਵਾਦਾਰੀ ਅਤੇ ਬਰਦਾਸ਼ਹਤ ਨੂੰ ਇੱਕ ਟੁੱਟਦੇ ਭੱਜਦੀ ਲੋਕਾਈ ਨੂੰ ਦੁਬਾਰਾ ਤੋਂ ਮੁੜ ਪੱਟੜੀ ਤੇ ਕਰਨਾ ਸਾਡੇ ਸਾਰਿਆਂ ਦਾ ਫ਼ਰਜ਼ੇ-ਅਵਲੀਨ ਹੈ।

ਅਹਿਲੇ-ਪੰਜਾਬ ਦੇ ਲਈ ਇਹ ਗੱਲ ਬੇਹੱਦ ਭਰੋਸੇਯੋਗ ਅਤੇ ਤਸੱਲੀਬਖਸ਼ ਹੈ ਕਿ ਸਾਡੇ ਸਿੱਖ ਭਾਈਆਂ ਦੇ ਪਵਿੱਤਰ ਅਤੇ ਸਤਿਕਾਰਤ ਅਸਥਾਨ ਇਸ ਪੰਜ ਦਰਿਆਵਾਂ ਦੀ ਸਰ-ਜ਼ਮੀਨ ਵਿੱਚ ਮੌਜੂਦ ਹਨ, ਜਿਨ੍ਹਾਂ ਵਿੱਚ ਕੁੱਝ ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਸਦੀਆਂ ਤੋਂ ਅਕੀਦਤ ਮੰਦਾਂ ਨੂੰ ਦਿੱਲੀ-ਸਕੂਨ ਅਤੇ ਇਬਾਦਤ ਦੇ ਮਰਕਜ਼ (ਕੇਂਦਰ) ਚਲੇ ਆ ਰਹੇ ਹਨ। ਬਹੁਤ ਸਾਰੇ ਸ਼ਰਧਾਲੂ ਹਰ ਸਾਲ ਦੁਨੀਆਂ ਤੋਂ ਉੱਠ ਕੇ ਹਜ਼ਾਰਾਂ ਮੀਲਾਂ ਦਾ ਸਫ਼ਰ ਕਰ ਕੇ ਇੱਥੇ ਯਾਤਰਾ ਅਤੇ ਦਸਤਕ ਦੇਣ ਲਈ ਆਉਂਦੇ ਹਨ। ਪਾਕਿਸਤਾਨੀ ਪੰਜਾਬ ਦੀ ਹਕੂਮਤ ਅਤੇ ਲੋਕ ਆਪਣੇ ਪਿਆਰੇ ਮਹਿਮਾਨਾਂ ਦੇ ਲਈ ਅੱਖਾਂ ਤੇ ਦਿਲਾਂ ਨਾਲ ਇੰਤਜ਼ਾਰ ਕਰਦੇ ਅਤੇ ਦਿਲੋਂ ਜਾਨ ਤੋਂ ਖ਼ਿਦਮਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਕਿ ਉਹ ਇੱਥੋਂ ਖ਼ੁਸ਼ਗਵਾਰ ਯਾਦਾਂ ਅਤੇ ਪਿਆਰ ਨਾਲ ਮਾਲਾਮਾਲ ਹੋਕੇ ਰੁਖ਼ੱਸਤ ਹੋਣ ਅਤੇ ਇਹ ਖੁਸ਼ਬੋਅ ਦੂਜਿਆਂ ਤੱਕ ਵੀ ਪੁੱਜੇ।

ਇਸ ਹਵਾਲੇ ਨਾਲ ਸਰਦਾਰ ਜਸਬੀਰ ਸਿੰਘ ਸਰਨਾ ਜੀ ਦਾ ਇਹ ਭਰੋਸੇਯੋਗ ਅਤੇ ਬੇਸ਼ਕੀਮਤੀ ਅਧਿਐਨ ਰਹਿੰਦੀ ਦੁਨੀਆਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਯਾਦਗਾਰੀ ਤੋਹਫ਼ਾ ਹੋਵੇਗਾ। ਇਸ ਤੋਂ ਇਲਾਵਾ ਸਤਿਕਾਰਤ ਸਰਦਾਰ ਗੁਰਦਿੱਤ ਸਿੰਘ, ਸਰਦਾਰ ਯੂਸਫ਼ ਆਦਿ ਕੁਰਾਨ ਮਜੀਦ ਦਾ ਪੰਜਾਬੀ ਅਨੁਵਾਦ ਕਰ ਚੁੱਕੇ ਹਨ ਜਦਕਿ ਗਿਆਨੀ ਸੇਵਾ ਸਿੰਘ ਹਜ਼ਰਤ ਮੁਹੰਮਦ ਸਾਹਿਬ ਦਾ ਪਵਿੱਤਰ ਜੀਵਨ ਅਨੁਮਾਨ ਨਾਲ ਰਸੂਲ ਕਰੀਮ ਹਜ਼ਰਤ ਮੁਹੰਮਦ ਦੀ ਸੀਰਤ-ਪਾਕ ਤੇ ਕਿਤਾਬ ਲਿੱਖ ਚੁੱਕੇ ਹਨ।

ਪ੍ਰੋ. (ਡਾ.) ਮਹਿਮੂਦ ਅਲ. ਹਸਨ ਬਾਜ਼ਮੀ
ਲਾਹੌਰ ਯੂਨੀਵਰਸਿਟੀ, ਲਾਹੌਰ
(ਪਾਕਿਸਤਾਨ)


ਦੋਸਤੀ ਦਾ ਪੁੱਲ



ਡਾਕਟਰ ਜਸਬੀਰ ਸਿੰਘ ਸਰਨਾ ਇੱਕ ਬਹੁਤ ਵੱਡੇ ਲੇਖਕ ਅਤੇ ਇਤਿਹਾਸਕਾਰ ਹਨ। ਉਹਨਾਂ ਨੇ ਪਹਿਲੇ ਵੀ ਬਹੁਤ ਸਾਰੀਆਂ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਅਤੇ ਇਲਮੀ ਕੰਮ ਕੀਤੇ ਹਨ। 'ਕੁਰਾਨ ਸ਼ਰੀਫ਼ ਦੀਆਂ ਗੁਰਬਾਣੀ ਨਾਲ ਮਿਲਦੀਆਂ ਆਇਤਾਂ' ਦੇ ਸੰਦਰਭ ਤੇ ਕਲਮ ਚੁੱਕ ਕੇ ਉਨ੍ਹਾਂ ਨੇ ਮੁਸਲਮਾਨ ਤੇ ਸਿੱਖਾਂ ਦੇ ਵਿਚਕਾਰ ਦੋਸਤੀ ਨੂੰ ਵਧਾਉਣ ਲਈ ਜਿਹੜੀ ਕੋਸ਼ਿਸ਼ ਕੀਤੀ ਹੈ, ਉਹ ਬਹੁਤ ਹੀ ਤਾਰੀਫ਼ ਦੇ ਕਾਬਲ ਹੈ। ਉਨ੍ਹਾਂ ਦੀ ਇਹ ਕਿਤਾਬ ਕੁਰਾਨ ਪਾਕਿ ਦੀ ਅਫ਼ਾਕਤ (ਸਰਵ ਵਿਆਪਕਤਾ) ਨੂੰ ਉਜਾਗਰ ਕਰੇਗੀ ਤੇ ਪਵਿੱਤਰ ਰੂਹਾਨੀ ਸਕੂਨ ਦੀ ਸੰਸਾਰ ਨੂੰ ਜਾਣਕਾਰੀ ਦੇਵੇਗੀ। ਉਮੀਦ ਹੈ ਕਿ ਜਸਬੀਰ ਸਿੰਘ ਸਰਨਾ ਆਪਣੀ ਇਲਮੀ ਕੋਸ਼ਿਸ਼ ਜਾਰੀ ਰੱਖਣਗੇ ਤਾਂ ਜੋ ਸੰਸਾਰ ਵਿੱਚ ਹਮ-ਹਾਂਗੀ (ਸਾਂਝੀ-ਵਾਲਤਾ) ਤੇ ਅਮਨ ਦੀ ਫ਼ਿਜ਼ਾ ਪ੍ਰਵਾਨ ਚੜ੍ਹੇ।

ਡਾਕਟਰ ਸ਼ਹਿਜ਼ਾਦ ਹਸਨ ਨਕੱਵੀ
ਲੇਖਕ ਅਤੇ ਪੱਤਰਕਾਰ (ਹਸਨ ਅਬਦਾਲ, ਪੰਜਾ ਸਾਹਿਬ)
ਡਾਇਰੈਕਟਰ ਇੰਟਰਨੈਸ਼ਨਲ ਰੀਲੇਸ਼ਨ ਆਫ਼ਿਸ,
ਮਿੰਨਹਾਜ ਯੂਨੀਵਰਸਿਟੀ, ਲਾਹੌਰ (ਪਾਕਿਸਤਾਨ)

ਧੰਨ ਲਿਖਾਰੀ ਨਾਨਕਾ



ਸ੍ਰ: ਕੌਰ ਸਿੰਘ ਜੀ ਦੇ ਖੋਜ ਭਰਪੂਰ ਇਸ ਕੰਮ ਨੂੰ ਮੈਂ ਉਨ੍ਹਾਂ ਕੁੱਝ ਹੀ ਵੇਖਿਆ ਹੈ, ਜਿੰਨ੍ਹਾਂ ਸ੍ਰ. ਜਸਬੀਰ ਸਿੰਘ ਜੀ ਨੇ ਮੇਰੇ ਨਾਲ ਸਾਂਝਾ ਕੀਤਾ। ਇਸ ਸਾਂਝ ਵਿੱਚ ਮੈਨੂੰ ਗਿਆਨ ਹੋਇਆ ਪਈ ਸ੍ਰ. ਕੌਰ ਸਿੰਘ ਜੀ ਹੁਰਾਂ ਆਪਣੇ ਜੀਵਨ ਕਾਲ ਵਿੱਚ ਜਿੱਥੇ ਹੋਰ ਬਹੁਤ ਕੰਮ ਕੀਤਾ, ਉੱਥੇ ਉਨ੍ਹਾਂ ਕੁਰਆਨ ਪਾਕ ਦੀਆਂ ਉਨ੍ਹਾਂ ਆਇਤਾਂ ਨੂੰ ਵੀ ਇਕ ਥਾਂ ਇਕੱਠਾ ਕਰਨ ਦਾ ਜਤਨ ਕੀਤਾ ਜਿਹੜੀਆਂ ਗੁਰੂ ਗ੍ਰੰਥ ਸਾਹਿਬ ਅੰਦਰ ਬਿਆਨ ਕੀਤੀਆਂ ਗਈਆਂ ਹਨ ਜਾਂ ਫਿਰ ਗੁਰਬਾਣੀ ਨਾਲ ਮੇਲ ਖਾਂਦੀਆਂ ਹਨ। ਮੁਸਲਮਾਨਾਂ ਦੀ ਵਿਚਾਰਧਾਰਾ ਅਨੁਸਾਰ ਜਦੋਂ ਕੁਰਆਨ ਰੱਬ ਤੋਂ ਆਉਣਾ ਆਰੰਭ ਹੋਇਆ ਤਾਂ ਸੱਭ ਤੋਂ ਪਹਿਲਾਂ ਜੋ ਹੁਕਮ ਆਇਆ, ਉਹ ਸੀ "ਇਕਰਾ ਬਿਸਮਿ ਰੱਬੀ.....", ਅਰਥਾਤ, ਪੜ੍ਹ ਆਪਣੇ ਰੱਬ ਦੇ ਨਾਂ ਉੱਤੇ ਜਿਹਨੇ ਇਨਸਾਨ ਨੂੰ ਕਲਮ ਤੋਂ ਇਲਮ ਸਿਖਾਇਆ। ਗੁਰੂ ਗ੍ਰੰਥ ਸਾਹਿਬ ਅੰਦਰ ਇਸ ਪ੍ਰਕਾਰ ਦਾ ਹੁਕਮ ਹੈ:

ਧੰਨ ਸੁ ਕਾਗਦ, ਕਲਮ ਧੰਨ ਧਨ ਭਾਂਡਾ ਧਨ ਮਸ॥
ਧੰਨ ਲਿਖਾਰੀ ਨਾਨਕਾ ਜਿਸ ਨਾਲ ਲਿਖਾਇਆ ਸਚੁ॥

(ਵਾਰ ਮਹੱਲਾ 1, ਸਲੋਕ 1, ਪਉੜੀ 28)

ਇਸ ਵਿਚ ਕੋਈ ਸ਼ੱਕ ਨਹੀਂ ਕਿ ਲਿਖਾਰੀ ਸੱਚ ਦਾ ਪ੍ਰਤੀਕ ਹੁੰਦਾ ਹੈ। ਉਹ ਉਸ ਸੱਚ ਨੂੰ ਮੰਨਦਾ ਹੈ ਜੋ ਕਦੇ ਪੁਰਾਣਾ ਜਾਂ ਬੁੱਢਾ ਨਹੀਂ ਹੁੰਦਾ। ਸੱਚਾਈ ਹਮੇਸ਼ਾਂ ਸੱਚਾਈ ਰਹਿੰਦੀ ਹੈ, ਜਿਵੇਂ ਕਿ ਵਾਰ ਰਾਮਕਲੀ ਸਲੋਕ 1 ਪੌੜੀ 9 ਵਿਚ ਫੁਰਮਾਨ ਹੈ।

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥
ਨਾਨਕ ਸਾਹਿਬੁ ਸੱਚੋ ਸੱਚਾ ਤਿਚਰੁ ਜਾਪੀ ਜਾਪੈ॥

ਇਸ ਸੱਚ ਨੂੰ ਹਰ ਧਰਮ ਦੇ ਆਗੂਆਂ ਆਪੋ-ਆਪਣੇ ਢੰਗ ਨਾਲ ਬਿਆਨ ਕੀਤਾ ਹੈ। ਅਸਲ ਗੱਲ ਹੈ ਮਨੁੱਖ ਨੂੰ ਮਨੁੱਖ ਦੀ ਪਿਦਵੀ ਦਵਾਉਣਾ ਅਤੇ ਉਹਨੂੰ ਇਹ ਦਰਿੜ ਕਰਵਾਉਣਾ ਕਿ ਪ੍ਰਮਾਤਮਾ ਇੱਕ ਹੈ। ਇਹ ਸਾਰੀ ਸ੍ਰਿਸ਼ਟੀ ਉਸੇ ਦੇ ਨੂਰ ਵਿੱਚੋਂ ਪ੍ਰਗਟ ਹੋਈ ਹੈ। ਉਹਦੀ ਹੀ ਵਡਿਆਈ ਕੀਤੀ ਜਾਵੇ ਤੇ ਉਹਦੇ ਹੀ ਲੜ ਲੱਗਿਆ ਜਾਵੇ। ਇਸੇ ਗੱਲ ਨੂੰ ਇਸਲਾਮ ਅੰਦਰ 'ਤੋਹੀਦ' ਕਿਹਾ ਜਾਂਦਾ ਹੈ ਅਤੇ ਇਸੇ ਗੱਲ ਨੂੰ ਗੁਰੂ ਗ੍ਰੰਥ ਸਾਹਿਬ ਅੰਦਰ "ਏਕੋ ਹੈ ਭਾਈ ਏਕੋ ਹੈ" ਦੇ ਹੋਕੇ ਵਿੱਚ ਸਮਾਇਆ ਗਿਆ ਹੈ ਅਤੇ ਉਸ ਦਾ ਨਾ 'ੴ' ਦਰਸਾਇਆ ਗਿਆ ਹੈ।

ਸ੍ਰ. ਜਸਬੀਰ ਸਿੰਘ ਜੀ ਨੇ ਇਸ ਪੁਸਤਕ ਨੂੰ ਸੋਧ ਕੇ ਵੇਲੇ ਦੀ ਨਬਜ਼ ਉਤੇ ਹੱਥ ਰੱਖਿਆ ਹੈ। ਅੱਜ ਜਦੋਂ ਦੁਨੀਆਂ ਵਿੱਚ ਧਰਮਾਂ ਅੰਦਰ ਵੰਡ ਪਾਉਣ ਤੇ ਮਨੁੱਖਤਾਂ ਨੂੰ ਕੁਰਾਹੇ ਪਾਉਣ ਦੇ ਯਤਨ ਹੋ ਰਹੇ ਹਨ, ਉਨ੍ਹਾਂ ਵੇਲਿਆਂ ਅੰਦਰ ਅਜਿਹੀ ਪੁਸਤਕ ਦਾ ਆਉਣਾ ਦੁਨੀਆਂ ਅੰਦਰ ਅਮਨ ਦਾ ਝੰਡਾ ਝੁਲਾਣ ਵਾਲੀ ਗੱਲ ਹੈ। ਇਸ ਝੰਡੇ ਨੂੰ ਝੁਲਾ ਕੇ ਸ੍ਰ. ਜਸਬੀਰ ਸਿੰਘ ਜੀ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੁਨੀਆਂ ਅੰਦਰ ਹਰ ਧਰਮ ਦੇ

ਮੰਨਣ ਵਾਲੇ ਖ਼ਾਸ ਕਰਕੇ ਇਸਲਾਮ ਅਤੇ ਗੁਰੂ ਮਤ ਦੇ ਅੰਦਰ ਵਿਚਾਰਧਾਰਾ ਦੀ ਜੋ ਅਟੁੱਟ ਸਾਂਝ ਹੈ, ਉਹ ਦੋਹਾਂ ਧਰਮਾਂ ਦੇ ਮੰਨਣ ਵਾਲਿਆਂ ਨੂੰ ਇਕ ਥਾਂ ਇੱਕ ਲੜੀ ਅੰਦਰ ਪਰੋਂਦੀ ਹੈ। ਇਸਲਾਮ ਅੰਦਰ ਗੁਰੂ ਮੱਤ ਦਾ ਮੂਲ ਧੁਰਾ ਦੋਹਾਂ ਧਰਮਾਂ ਦਾ ਮੂਲ ਮੰਤਰ ਹੈ। ਜੋ ਇਸ ਪ੍ਰਕਾਰ ਹੈ।

ਸੂਰਤ ਇਖਲਾਸ ਦਾ ਤਰਜਮਾ : ਕਹਿ ਦੇ ਰੱਬ ਇਕ ਹੈ......

ਤੇ ਗੁਰਮੱਤ ਦਾ ਮੂਲ ਮੰਤਰ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ, ਗੁਰ ਪ੍ਰਸਾਦਿ॥

ਇਹ ਹੈ ਵਿਚਾਰਧਾਰਾ ਦੀ ਸਾਂਝ। ਇਸਲਾਮ ਅਤੇ ਗੁਰਮਤ ਵਿੱਚ। ਸ੍ਰ. ਜਸਬੀਰ ਸਿੰਘ ਜੀ ਦੇ ਇਸ ਕੰਮ ਨੂੰ ਸੰਪੂਰਨ ਕਰਨ ਉੱਤੇ ਵਧਾਈ ਦੇ ਪਾਤਰ ਹਨ। ਇਹ ਨਾਨਕ ਦੇ ਉਹ ਲਿਖਾਰੀ ਹਨ ਜਿਹਨਾਂ ਬਾਰੇ ਬਾਬੇ ਕਿਹਾ ਹੈ।

ਧੰਨ ਲਿਖਾਰੀ ਨਾਨਕਾ ਜਿਸ ਨਾਮ ਲਿਖਾਇਆ ਸਚੁ॥

ਇਕਬਾਲ ਕੈਸਰ
ਲਾਹੌਰ (ਪਾਕਿਸਤਾਨ)
ਪ੍ਰਸਿੱਧ ਲੇਖਕ ਅਤੇ ਇਤਿਹਾਸਕਾਰ
ਡਾਇਰੈਕਟਰ ਪੰਜਾਬੀ ਖੋਜਗੜ੍ਹ, ਕਸੂਰ (ਪਾਕਿਸਤਾਨ)

੧- ਸੂਰਾਤੁਲ ਫ਼ਾਤਿਹਾ

(ਇਹ ਸੂਰਤ ਮੱਕੀ ਹੈ ਇਸ ਦੀਆਂ 'ਬਿਸਮਿੱਲਾ' ਸਣੇ ਸੱਤ ਆਇਤਾਂ ਹਨ)

* ਸ਼ੁਰੂ ਅੱਲ੍ਹਾ ਦੇ ਨਾਂ ਤੋਂ ਜੋ ਬੜਾ ਕ੍ਰਿਪਾਲੂ ਅਤੇ ਦਿਆਲੂ ਹੈ। 1
* ਸਾਰੀਆਂ ਉਸਤਤੀਆਂ ਕੋ ਜੋਗ ਪ੍ਰਮਾਤਮਾ ਹੀ ਹੈ। ਜੋ ਸਰਬਤ ਜਹਾਨਾਂ ਦਾ ਪਾਲਣਹਾਰਾ ਹੈ। 2
* ਬੜਾ ਕ੍ਰਿਪਾਲੂ ਅਤੇ ਦਿਆਲੂ ਹੈ। 3
* ਨਿਆਇ ਦੇ ਦਿਨ ਦਾ ਮਾਲਕ ਹੈ। 4
* ਹੇ ਪ੍ਰਭੂ ਅਸੀਂ ਤੇਰੀ ਹੀ ਪੂਜਾ ਕਰਦੇ ਹਾਂ ਤੇ ਤੇਰੀ ਹੀ ਸਹਾਇਤਾ ਦੇ ਯਾਚਕ ਹਾਂ। 5
* ਸਾਨੂੰ ਸਿੱਧਾ ਰਾਹ ਦੱਸ। 6
* ਉਨ੍ਹਾਂ ਮਹਾਂ ਪੁਰਖਾਂ ਦਾ ਰਾਹ ਜੋ ਤੇਰੀ ਕ੍ਰਿਪਾ ਦੇ ਪਾਤ੍ਰ ਬਣੇ ਉਨ੍ਹਾਂ ਦਾ ਨਹੀਂ ਜੋ ਤੇਰੀ ਕ੍ਰੋਪੀ ਦੇ ਭਾਗੀ ਬਣੇ ਨਾ ਉਨ੍ਹਾਂ ਦਾ ਜੋ ਸਿੱਧੇ ਰਾਹ ਤੋਂ ਭਟਕ ਗਏ। 7

੨-ਸੂਰਾਤੁਲ ਬਕਰਹ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 287 ਆਇਤਾਂ ਤੇ 40 ਰੁਕੂਅ ਹਨ)

* ਜੋ ਲੋਕ ਬਿਨ ਦੇਖੇ ਨਿਸਚਾ ਧਾਰਦੇ ਹਨ। ਨਮਾਜ਼ਾਂ ਪੜ੍ਹਦੇ ਹਨ ਸਾਡੇ ਦਿੱਤੇ ਵਿਚੋਂ ਖਰਚ ਕਰਦੇ ਹਨ। 3
* ਜੋ ਲੋਕ ਵਿਸ਼ਵਾਸ ਰੱਖਦੇ ਹਨ ਜੋ ਅਸਾਂ ਤੇਰੇ ਤੇ ਉਤਾਰਿਆ ਹੈ ਤੇ ਜੋ ਤੇਰੇ ਤੋਂ ਪਹਿਲੀਆਂ ਤੇ ਉਤਾਰਿਆ ਹੈ, ਉਨ੍ਹਾਂ ਦਾ ਅੰਤਲੇ ਦਿਨਾਂ ਪਰ ਵਿਸ਼ਵਾਸ ਹੈ। 5
* ਜੋ ਲੋਕ ਹਨ ਜੋ ਸੁਮਾਰਗ ਪਰ ਚਲ ਰਹੇ ਹਨ। ਇਹ ਕਾਮਯਾਬੀ ਨੂੰ ਪੁਜਨਗੇ। 6
* ਜੋ ਕਾਫਰ (ਨਾ ਮੰਨਣ ਵਾਲੇ) ਉਨ੍ਹਾਂ ਨੂੰ ਤੇਰਾ ਡਰਾਉਣਾ ਯਾ ਨਾ ਡਰਾਉਣਾ ਇਕੋ ਜਿਹਾ ਹੀ ਹੈ। ਉਹ ਨਹੀਂ ਮੰਨਣਗੇ। 7
* ਅੱਲ੍ਹਾ ਨੇ ਉਨ੍ਹਾਂ ਦੇ ਦਿਲਾਂ ਪੁਰ ਕੰਨਾ ਪੁਰ ਮੋਹਰ ਲਾ ਦਿੱਤੀ ਹੈ। ਉਨ੍ਹਾਂ ਦੀਆਂ ਅੱਖਾਂ ਤੇ ਪਰਦਾ ਹੈ ਉਨ੍ਹਾਂ ਲਈ ਯਾਨਕ ਦੁੱਖ ਹੈ। 8
* ਉਨ੍ਹਾਂ ਦੇ ਦਿਲਾਂ ਵਿਚ ਰੋਗ ਹੈ। ਅਲ੍ਹਾਹ ਨੇ ਉਸ ਰੋਗ ਨੂੰ ਉਨ੍ਹਾਂ ਦੇ ਝੂਠ ਬੋਲਣ ਦਾ ਕਾਰਨ ਵਧਾ ਦਿੱਤਾ ਹੈ। 11
* ਅਤੇ ਜਦ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਦੁਨੀਆਂ ਵਿੱਚ ਝਗੜਾ ਨਾ ਕਰੋ ਤਦ ਉਹ ਕਹਿੰਦੇ ਹਨ ਕਿ ਅਸੀਂ ਤਾਂ ਕੇਵਲ ਸੁਧਾਰਕ ਹਾਂ। 12

* ਲੋਕੋ ਹੁਸ਼ਿਆਰ ਰਹੋ। ਇਹ ਲੋਕ ਬੜੇ ਝਗੜਾਲੂ ਹਨ। ਔਰ ਇਹ ਸਮਝਦੇ ਨਹੀਂ।13
* ਜਾਣ ਲੋ ਇਹ ਲੋਕ ਹਾਂ ਮੂਰਖ ਹਨ।14
* ਇਹ ਬੋਲੇ ਹਨ, ਗੁੰਗੇ ਹਨ ਅਤੇ ਅੰਨੇ ਹਨ ਉਹ ਇਸ ਪਾਸੇ ਨਹੀਂ ਮੁੜਨਗੇ।19
* ਹੇ ਲੋਕੋ ਆਪਣੇ ਉਸ ਪ੍ਰਭੂ ਦੀ ਪੂਜਾ ਕਰੋ ਜਿਸ ਨੇ ਤੁਹਾਨੂੰ ਤੇ ਤੁਹਾਡੇ ਪਹਿਲੇ ਲੋਕਾਂ ਨੂੰ ਰਚਿਆ। ਉਸ ਪ੍ਰਭੂ ਨੇ ਧਰਤੀ ਤੁਹਾਡੇ ਲਈ ਬਣਾਈ। ਅਕਾਸ਼ ਦਾ ਛਤਰ ਬਣਾਇਆ। ਫਿਰ ਅਸਮਾਨ ਤੋਂ ਬਰਖਾ ਬਸਾਈ। ਜਿਸ ਤੋਂ ਤੁਹਾਡੇ ਖਾਣ ਲਈ ਮੇਵੇ ਪੈਦਾ ਕੀਤੇ। ਤੁਸੀਂ ਉਸਦੀ ਪੂਜਾ ਵਿੱਚ ਕਿਸੀ ਹੋਰ ਨੂੰ ਸ਼ੀ੍ਕ ਨਾ ਕਰੋ।21
* ਉਹਨਾਂ ਵਾਸਤੇ ਪਵਿੱਤਰ ਇਸਤਰੀਆਂ ਵੀ ਹੋਣਗੀਆਂ। 25
* ਜੋ ਲੋਕ ਰੱਬ ਦੇ ਅਹਿਦ ਨੂੰ ਤੋੜਦੇ ਹਨ ਸੰਸਾਰ ਵਿੱਚ ਝਗੜਾ ਫੈਲਾਉਂਦੇ ਹਨ, ਉਹੀ ਨੁਕਸਾਨ ਉਠਾਉਣਗੇ।28
* ਜਦ ਅਸਾਂ ਆਖਿਆ ਆਦਮ ਨੂੰ ਸਿਜਦਾ ਕਰੋ ਤਾਂ ਸਾਰੇ ਮਨ ਗਏ। ਪਰ ਅਬਲੀਸ ਨੇ ਨਾ ਮੰਨਿਆ। ਉਹ ਕਾਫ਼ਰਾਂ (ਇਨਕਾਰੀਆਂ) ਵਿੱਚੋਂ ਸੀ। 35
* ਪਰ ਜੋ ਲੋਕ ਇਨਕਾਰੀ ਹੋਣਗੇ ਤੇ ਸਾਡੀਆਂ ਆਇਤਾਂ ਦੀ ਨਿੰਦਾ ਕਰਨਗੇ, ਉਹ ਨਰਕ-ਗਾਮੀ ਹੋਣਗੇ ਤੇ ਉਸੇ ਵਿੱਚ ਰਹਿਣਗੇ। 40 (ਰਕੂਅ-4)
* ਨਮਾਜ਼ ਪੜ੍ਹਦੇ ਰਹੋ ਤੇ ਜ਼ਕਾਤ ਦਿੰਦੇ ਰਿਹਾ ਕਰੋ ਅਤੇ (ਰੱਬ ਦੀ) ਨਿਰੋਲ ਭਗਤੀ ਕਰਦੇ ਰਿਹਾ ਕਰੋ। 44
* ਕੀ ਤੁਸੀਂ ਲੋਕਾਂ ਨੂੰ ਭਲਾਈ ਦਾ ਉਪਦੇਸ਼ ਕਰਦੇ ਹੋ, ਆਪਣੇ ਆਪ ਨੂੰ ਭੁੱਲ ਹੀ ਜਾਂਦੇ ਹੋ। ਤੁਸੀਂ ਕਿਤਾਬ ਪੜ੍ਹਦੇ ਹੋ ਫਿਰ ਵੀ ਨਹੀਂ ਸਮਝਦੇ।45
* ਪ੍ਰਭੂ ਆਪਣੀ ਮਿਹਰ ਦੀ ਨਜ਼ਰ ਕਰਨ ਵਾਲਾ ਵੱਡਾ ਮਿਹਰਬਾਨ ਹੈ।55
* ਜੇ ਤੁਹਾਡੇ ਤੇ ਅਲ੍ਹਾਹ ਦੀ ਮਿਹਰ ਨਾ ਹੁੰਦੀ, ਤਾਂ ਤੁਸੀਂ ਜ਼ਰੂਰ ਹੀ ਘਾਟੇ ਵਿੱਚ ਰਹਿਣ ਵਾਲਿਆਂ ਨਾਲ ਜਾ ਰਲਦੇ।65
* ਕੀ ਉਨ੍ਹਾ ਨੂੰ ਪਤਾ ਨਹੀਂ ਕਿ ਉਹ ਜੋ ਕੁਝ ਲੁਕਾਉਂਦੇ ਹਨ ਜਾਂ ਪਰਗਟ ਕਰਦੇ ਹਨ, ਅਲ੍ਹਾਹ ਉਸ ਦਾ ਜਾਨਣਹਾਰ ਹੈ? 78
* ਜੋ ਲੋਕ ਕਿਸੇ ਤਰ੍ਹਾਂ ਦਾ ਕੁਕਰਮ ਕਰਨਗੇ, ਉਨ੍ਹਾਂ ਦਾ ਪਾਪ ਉਹਨਾਂ ਨੂੰ ਘੇਰ ਲਵੇਗਾ, ਸੋ ਉਹ ਹੀ ਨਰਕ-ਗਾਮੀ ਹੋਣਗੇ ਤੇ ਉਸ ਵਿੱਚ ਹੀ ਰਹਿਣਗੇ।82
* ਕੀ ਤੈਨੂੰ ਪਤਾ ਨਹੀਂ ਕਿ ਸਾਰੇ ਅਕਾਸ਼ਾਂ ਤੇ ਧਰਤੀ ਦੀ ਪਾਤਸ਼ਾਹੀ ਅਲ੍ਹਾਹ ਦੀ ਹੀ ਹੈ ਅਤੇ ਅਲ੍ਹਾਹ ਤੋਂ ਛੁੱਟ ਤੁਹਾਡਾ ਨਾ ਕੋਈ ਮਿੱਤਰ ਹੈ ਤੇ ਨਾ

ਸਹਾਇਕ। 108

* ਅਤੇ ਨਮਾਜ਼ ਪੜ੍ਹਦੇ ਰਿਹਾ ਕਰੋ ਤੇ ਜ਼ਕਾਤ ਦਿੰਦੇ ਰਿਹਾ ਕਰੋ ਅਤੇ ਜੋ ਭਲਾਈ ਵੀ ਤੁਸੀਂ ਆਪਣੇ ਵਾਸਤੇ ਅੱਗੇ ਭੇਜੋਗੇ, ਉਹ ਤੁਹਾਨੂੰ ਅਲ੍ਹਾਹ ਤੋਂ ਮਿਲ ਜਾਏਗੀ। ਬੇਸ਼ੱਕ ਅਲ੍ਹਾ ਤੁਹਾਡੀਆਂ ਕਰਣੀਆਂ ਦਾ ਵੇਖਣਹਾਰ ਹੈ। 111
* ਹੇ ਮੁਸਲਮਾਨੋਂ ! ਤੁਸੀਂ ਉਹਨਾਂ ਨੂੰ ਇਹ ਕਹਿ ਦਿਓ ਕਿ ਅਸੀਂ (ਤਾਂ) ਅੱਲਾਹ ਦੇ ਮਾਰਗ (ਨੂੰ ਹੀ ਧਾਰਨ ਕਰਾਂਗੇ) ਅਤੇ ਮਾਰਗ ਵਿੱਚ ਅਲਾਹ ਨਾਲੋਂ ਕੌਣ ਚੰਗਾ ਹੋ ਸਕਦਾ ਹੈ? ਅਤੇ ਅਸੀਂ ਤਾਂ ਉਸੇ ਦੀ ਹੀ ਬੰਦਗੀ ਕਰਦੇ ਹਾਂ। 139
* ਇਹ (ਉਕਤ) ਸੱਚਾਈ ਤੇਰੇ ਰੱਬ ਵੱਲੋਂ ਹੈ। ਸੋ ਤੂੰ ਸ਼ੱਕ ਕਰਨ ਵਾਲਿਆਂ ਵਿੱਚੋਂ ਕਦੇ ਨਾ ਬਣੀ। 148 (ਰਕੂਅ- 17/1)
* ਸੋ (ਜਦ ਮੈਂ ਇੰਨੀ ਮਿਹਰ ਕਰਨ ਵਾਲਾ ਹਾਂ) ਤਾਂ ਤੁਸੀਂ ਸਦਾ ਮੈਨੂੰ ਹੀ ਚੇਤੇ ਰੱਖੋ । ਮੈਂ (ਵੀ) ਤੁਹਾਨੂੰ ਸਦਾ ਚੇਤੇ ਰਖਾਂਗਾ, ਅਤੇ ਤੁਸੀਂ ਮੇਰਾ ਧੰਨਵਾਦ ਕਰਦੇ ਰਹੋ ਅਤੇ ਮੇਰੀ ਨਾਸ਼ੁਕਰੀ ਨਾ ਕਰੋ। 153 (ਰਕੂਅ – 18/2)
* ਸਾਡੀਆਂ ਦਿੱਤੀਆਂ ਸਾਫ਼-ਸੁਥਰੀਆਂ ਚੀਜ਼ਾਂ ਖਾਇਆ ਕਰੋ। ਜੇ ਤੁਸੀਂ ਸੱਚਮੁੱਚ ਪ੍ਰਭੂ ਦੀ ਬੰਦਗੀ ਕਰਦੇ ਹੋ ਤਾਂ ਉਸ ਦਾ ਧੰਨਵਾਦ (ਵੀ) ਕੀਤਾ ਕਰੋ। 173
* ਬੇਸ਼ਕ ਅਲ੍ਹਾਹ ਵੱਡਾ ਬਖ਼ਸ਼ਣਹਾਰ ਤੇ ਕਿਰਪਾ-ਨਿਧਾਨ ਹੈ। 183 (ਰਕੂਅ-22/6)
* ਤੁਸੀਂ ਆਪਣੇ ਸਿਰ ਨਾ ਮੁਨਾਉ। 197 (ਰਕੂਅ-24/8)
* ਅਲ੍ਹਾਹ ਦਾ ਗਿਣਤੀ ਦੇ ਦਿਨਾਂ ਵਿੱਚ ਸਿਮਰਨ ਕੀਤਾ ਕਰੋ। 204
* ਅਤੇ ਕਈ ਲੋਕ ਅਜਿਹੇ (ਵੀ) ਹੁੰਦੇ ਹਨ, ਜੋ ਅੱਲਾਹ ਦੀ ਰਜ਼ਾ ਨੂੰ ਪ੍ਰਾਪਤ ਕਰਨ ਲਈ ਆਪਣਾ ਤਨ-ਮਨ ਨਿਛਾਵਰ ਕਰ ਦਿੰਦੇ ਹਨ ਅਤੇ ਅੱਲਾਹ ਆਪਣੇ (ਅਜਿਹੇ ਪ੍ਰੇਮੀ) ਬੰਦਿਆਂ ਤੇ ਵੱਡਾ ਮਿਹਰਬਾਨ ਹੈ। 208
* ਉਹ ਤੇਰੇ ਕੋਲੋਂ ਸ਼ਰਾਬ ਤੇ ਜੂਏ ਬਾਰੇ ਪੁੱਛਦੇ ਹਨ। ਤੂੰ ਉਹਨੂੰ ਨੂੰ ਇਹ ਆਖ ਕਿ ਇਹਨਾਂ (ਕੰਮਾਂ) ਵਿੱਚ ਵੱਡਾ ਪਾਪ ਹੈ। 220
* ਅਤੇ ਜਦ ਕਿ ਅਸੀਂ ਮੂਸਾ ਤੋਂ ਰਾਤਾਂ ਦਾ ਪ੍ਰਣ ਲਿਆ, ਪਰ ਤੁਸੀਂ ਉਸ ਦੇ ਮਗਰੋਂ ਜ਼ਾਲਮ ਬਣ ਕੇ ਆਪਣਾ ਇਸ਼ਟ-ਦੇਵ ਬਣਾ ਲਿਆ। 52
* ਅਸਾਂ ਜ਼ਾਲਮਾਂ ਪਰ ਉਨਾਂ ਦੀਆਂ ਨਾ-ਫੁਰਮਾਨੀਆਂ ਕਰਕੇ ਅਕਾਸ਼ ਤੋਂ ਕਸ਼ਟ ਭੇਜੀਆ। 58
* ਅੱਲਾਹ ਦਾ ਦਿੱਤਾ ਅੰਨ ਜਲ ਖਾਓ ਪਰ ਧਰਤੀ ਤੇ ਝਗੜਾ ਬਖੇੜਾ ਨਾ ਮਰੋ। 61

* ਜਦ ਮੂਸਾ ਨੇ ਆਪਣੀ ਕੌਮ ਨੂੰ ਇਹ ਕਿਹਾ ਕਿ ਅੱਲਾਹ ਤੁਹਾਨੂੰ ਗਊ ਦੇ ਹਲਾਲ ਕਰਨ ਦਾ ਹੁਕਮ ਦਿੰਦਾ ਹੈ। ਉਹਨਾਂ ਨੇ ਕਿਹਾ ਕਿ ਤੁਸੀਂ ਸਾਨੂੰ ਮਸਖਰੀ ਕਰਦੇ ਹੋ? ਉਹ ਬੋਲਿਆ ਅੱਲਾਹ ਦੀ ਪਨਾਹ, ਮੈਂ ਮੂਰਖਾਂ ਵਿੱਚੋਂ ਨਹੀਂ। 68
* ਉਹ ਗਊ ਨਾ ਬੁੱਢੀ ਹੈ ਤੇ ਨਾ ਵੱਛੀ ਹੈ। 69
* ਉਹ ਪੀਲੇ ਰੰਗ ਦੀ, ਰੰਗ ਬਹਤ ਗੂੜਾ ਹੈ ਤੇ ਵੇਖਣ ਵਾਲਿਆਂ ਨੂੰ ਵੱਡੀ ਚੰਗੀ ਲੱਗਦੀ ਹੈ। 70
* ਇਸ ਤੇ ਮੂਸਾ ਨੇ ਕਿਹਾ ਕਿ ਉਹ ਇਕ ਅਜਿਹੀ ਗਊ ਹੈ ਕਿ ਜੋ ਨਾਂ ਤਾਂ ਜੋਟੀ ਜਾਂਦੀ ਹੈ, ਨਾ ਉਸ ਨਾਲ ਹਲ ਵਾਹਿਆ ਜਾਂਦਾ ਹੈ ਤੇ ਨਾ ਹੀ ਖੇਤੀ ਨੂੰ ਪਾਣੀ ਦਿੱਤਾ ਜਾਂਦਾ ਹੈ, ਸੋ ਉਹਨਾਂ ਨੇ ਉਸ ਗਊ ਨੂੰ ਹਲਾਲ ਕਰ ਦਿੱਤਾ, ਭਾਵੇਂ ਉਹ ਅਜਿਹਾ ਕਰਨ ਲਈ ਦਿਲੋਂ ਤਿਆਰ ਨਹੀਂ ਸਨ। 72 (ਰਕੂਅ-8)
* ਲੋਕਾਂ ਨਾਲ ਚੰਗੀਆਂ ਗੱਲਾਂ ਕਰਨਗੇ, ਨਮਾਜ਼ਾਂ ਪੜ੍ਹਦੇ ਰਿਹਾ ਕਰਨਗੇ ਤੇ ਜ਼ਕਾਤ ਦਿੰਦੇ ਰਿਹਾ ਕਰਨਗੇ। 84
* ਜਦ ਅਸੀਂ ਤੁਹਾਥੋਂ ਇਹ ਪ੍ਰਣ ਵੀ ਲਿਆ ਸੀ ਕਿ ਤੁਸੀਂ ਇਕ ਦੂਜੇ ਦਾ ਖੂਨ ਨਹੀਂ ਵਗਾਉਗੇ। ਇਕਰਾਰ ਵੀ ਕਰ ਲਿਆ ਸੀ, ਤੁਸੀਂ ਸਦਾ ਗਵਾਹੀ ਦਿੰਦੇ ਰਹੇ ਸੀ। 85
* ਤੁਸੀਂ ਆਪਸ ਵਿੱਚ ਇੱਕ ਦੂਜੇ ਨੂੰ ਕਤਲ ਕਰਦੇ ਹੋ। 86
* ਅੱਲਾਹ ਜ਼ਾਲਮਾਂ ਨੂੰ ਜਾਣਦਾ ਹੈ। 86
* ਅੱਲਾਹ ਉਹ ਹੈ, ਜਿਸ ਤੋਂ ਛੁੱਟ (ਹੋਰ) ਕੋਈ ਵੀ ਇਸ਼ਟ ਨਹੀਂ। ਉਹ ਸਦਾ ਸਲਾਮਤਿ ਅਤੇ ਅਚਲ ਅਧਾਰ ਹੈ। ਉਸ ਨੂੰ ਨਾਂ ਤਾਂ ਊਂਘ ਆਉਂਦੀ ਹੈ ਤੇ ਨਾ ਹੀ ਨੀਂਦ। ਜੋ ਕੁੱਝ ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਹੈ, ਉਸੇ ਦਾ ਹੀ ਹੈ। ਉਸ ਦਾ ਗਿਆਨ ਸਾਰੇ ਅਕਾਸ਼ਾਂ ਤੇ ਧਰਤੀ ਤੇ ਭਾਰੂ ਹੈ। ਉਹ ਅਗਮ ਤੇ ਅਗੋਚਰ ਹੈ। 256
* ਧਰਮ ਦੇ ਬਾਰੇ ਕਿਸੇ ਨਾਲ ਜ਼ਬਰ ਕਰਨਾ (ਯੋਗ) ਨਹੀਂ ਹੈ। 257

੩- ਸੂਰਤ ਆਲਿ ਇਮਰਾਨ

(ਇਹ ਸੂਰਤ ਹਿਜਰਤ ਤੋਂ ਮਗਰੋਂ, ਮਦੀਨੇ ਉਤਰੀ ਸੀ ਇਸ ਦੀਆਂ ਬਿਸਮਿੱਲਾ ਸਣੇ 201। ਆਇਤਾਂ ਤੇ 20 ਰਕੂਅ ਹਨ)

* ਸ਼ੁਰੂ ਅੱਲਾਹ ਦੇ ਨਾਂ ਤੋਂ ਜੋ ਬੜਾ ਕ੍ਰਿਪਾਲੂ ਅਤੇ ਦਿਆਲੂ ਹੈ। 1
* ਅੱਲਾਹ ਤੋਂ ਛੁੱਟ ਹੋਰ ਕੋਈ ਵੀ ਇਸ਼ਟ ਨਹੀਂ, ਉਹ ਸਦਾ ਸਲਾਮਤਿ ਅਨਾਦੀ ਹੈ। 3

* ਸਾਰੇ ਅਕਾਸ਼ਾਂ ਤੇ ਧਰਤੀ (ਪਤਾਲਾਂ) ਵਿੱਚ ਕੋਈ ਵੀ ਚੀਜ਼ ਅੱਲਾਹ ਤੋਂ ਉਹਲੇ ਨਹੀਂ ਹੈ। 6
* ਜੋ ਸਬਰ ਕਰਦੇ ਹਨ, ਸੱਚ ਬੋਲਦੇ ਹਨ, ਅਗਿਆਕਾਰੀ ਹਨ, ਅੱਲਾਹ ਦੇ ਲੇਖੇ ਆਪਣੇ ਧਨ ਖ਼ਰਚ ਕਰਦੇ ਹਨ ਅਤੇ ਅੰਮ੍ਰਿਤ ਵੇਲੇ ਵਿੱਚ ਪਸ਼ਚਾਤਾਪ ਕਰਦੇ ਹਨ। 18
* ਉਹ ਵੱਡਾ ਪ੍ਰਬਲ ਤੇ ਯੁਕਤੀਮਾਨ ਹੈ। 19
* ਤੂੰ ਇਹ ਆਖ ਕਿ ਹੇ ਅੱਲਾਹ। ਤੂੰ ਸਾਰੀਆਂ ਪਾਤਸ਼ਾਹੀਆਂ ਦਾ ਮਾਲਕ ਹੈਂ। ਤੂੰ ਜਿਸ ਨੂੰ ਯੋਗ ਸਮਝਦਾ ਹੈ, ਪਾਤਸ਼ਾਹੀ ਦੇ ਦਿੰਦਾ ਹੈ ਤੇ ਜਿਸ ਤੋਂ ਚਾਹੁੰਦਾ ਹੈ, ਖੋਹ ਲੈਂਦਾ ਹੈ। ਜਿਸ ਨੂੰ ਯੋਗ ਸਮਝਦਾ ਹੈ, ਪ੍ਰਭਤਾ ਦੇ ਦਿੰਦਾ ਹੈ ਤੇ ਜਿਸ ਨੂੰ ਚਾਹੁੰਦਾ ਹੈ, ਹੀਣਾ ਕਰ ਦਿੰਦਾ ਹੈ। ਸਭ ਭਲਾਈ ਤੇਰੇ ਹੀ ਹੱਥ ਹੈ। ਬੇਸ਼ਕ ਤੂੰ ਹਰੇਕ ਗੱਲ ਤੇ ਸਮੱਰਥ ਹੈ। 27
* ਤੂੰ ਰਾਤ ਨੂੰ ਦਿਨ ਵਿੱਚ ਤੇ ਦਿਨ ਨੂੰ ਰਾਤ ਵਿੱਚ ਬਦਲਦਾ ਰਹਿੰਦਾ ਹੈ ਅਤੇ ਨਿਰਜੀਵਾਂ ਵਿਚੋਂ ਸੁਰਜੀਵ ਤੇ ਸੁਰਜੀਵਾਂ ਵਿਚੋਂ ਨਿਰਜੀਵ ਉਤਪੰਨ ਕਰਦਾ ਰਹਿੰਦਾ ਹੈਂ। ਤੂੰ ਜਿਸ ਨੂੰ ਚਾਹੁੰਦਾ ਹੈ, ਬੇਹਿਸਾਬਾ ਰਿਜ਼ਕ ਦਿੰਦਾ ਹੈ। 28
* ਅਤੇ ਆਪਣੇ ਰੱਬ ਦਾ ਬਹੁਤ ਸਿਮਰਨ ਕਰਦਾ ਰਹੀਂ ਤੇ ਸਵੇਰ ਸ਼ਾਮ ਉਸ ਦੀ ਤਸਬੀਹ (ਜਪ) ਕਰਦਾ ਰਹੀਂ। 42 (ਰਕੂਅ – 4/12)
* ਬੇਸ਼ਕ ਅੱਲਾਹ ਮੇਰਾ ਵੀ ਰੱਬ (ਹੈ) ਅਤੇ ਤੁਹਾਡਾ (ਵੀ) ਰੱਬ ਹੈ।ਸੋ ਤੁਸੀਂ ਉਸ ਦੀ ਹੀ ਇਬਾਦਤ ਕਰਦੇ ਰਹੋ। ਇਹੋ ਹੀ ਸਿੱਧਾ ਮਾਰਗ ਹੈ। 52
* ਬੇਸ਼ਕ ਇਹੋ ਹੀ ਸੱਚਾ ਕਥਨ ਹੈ ਕਿ ਅੱਲਾਹ ਤੋਂ ਛੁੱਟ ਕੋਈ (ਵੀ) ਇਸ਼ਟ ਨਹੀਂ, ਅਤੇ ਬੇਸ਼ਕ ਅੱਲਾਹ ਹੀ ਵੱਡਾ ਪ੍ਰਬਲ ਤੇ ਯੁਕਤੀਮਾਨ ਹੈ। 63
* ਪ੍ਰਭੂ ਜਿਸ ਨੂੰ ਯੋਗ ਸਮਝਦਾ ਹੈ, ਆਪਣੀ ਮਿਹਰ ਨਾਲ ਚੁਣ ਲੈਂਦਾ ਹੈ ਅਤੇ ਅੱਲਾਹ ਵੱਡਾ ਕਿਰਪਾ-ਨਿਧਾਨ ਹੈ। 75
* ਜਿਹੜਾ ਵਿਅਕਤੀ ਆਪਣਾ ਪ੍ਰਣ ਪੂਰਾ ਕਰੇ ਅਤੇ ਪ੍ਰਮਾਤਮਾ ਤੋਂ ਡਰਦਾ ਰਹੇ ਅਤੇ ਪ੍ਰਮਾਤਮਾ ਨਿਰਸੰਦੇਹ ਸੰਜਮੀਆ ਨਾਲ ਪ੍ਰੇਮ ਕਰਦਾ ਹੈ। 77
* ਅਤੇ ਜੋ ਕੁੱਝ ਅਕਾਸ਼ਾਂ ਤੇ ਪਤਾਲਾਂ ਵਿਚ ਹੈ, (ਸਭ) ਪ੍ਰਮਾਤਮਾ ਦਾ ਹੀ ਹੈ ਅਤੇ ਸਭ ਕੁੱਝ ਪ੍ਰਮਾਤਮਾ ਦੇ ਹਜ਼ੂਰ ਮੁੜ ਪੇਸ਼ ਹੋਵੇਗਾ। 110 (ਰਕੂਅ-11/2)
* ਅੱਲਾਹ ਵੱਡਾ ਬਖਸ਼ਣਹਾਰ ਤੇ ਕਿਰਪਾ- ਨਿਧਾਨ ਹੈ। 130 (ਰਕੂਅ-13/4)
* ਅੱਲਾਹ ਦੀ ਆਗਿਆ ਤੋਂ ਬਿਨਾਂ ਕੋਈ ਵਿਅਕਤੀ ਮਰ ਨਹੀਂ ਸਕਦਾ। (ਕਿਉਂਕਿ ਅੱਲਾਹ ਨੇ) ਇਕ ਨੀਅਤ ਸਮੇਂ ਦਾ ਫੈਸਲਾ (ਕੀਤਾ ਹੋਇਆ) ਹੈ।146

* ਅੱਲਾਹ ਘਟ ਘਟ ਦਾ ਜਾਣਨਹਾਰ ਹੈ। 155
* ਤੂੰ ਇਸ ਮਹਾਨ ਵੱਡੀ ਮਿਹਰ ਦੇ ਕਾਰਣ (ਹੀ) ਜੋ ਅੱਲਾਹ ਨੇ (ਤੇਰੇ ਉਤੇ) ਕੀਤੀ ਹੈ। ਮੁਸਲਮਾਨਾਂ ਲਈ ਵੱਡਾ ਮੋਮਦਿਲ ਹੈ। ਜੋ ਅੱਲਾਹ ਤੇ ਭਰੋਸਾ ਰੱਖਦੇ ਹਨ, ਅੱਲਾਹ ਉਨ੍ਹਾਂ ਨਾਲ ਪ੍ਰੇਮ ਕਰਦਾ ਹੈ। 160
* ਅੱਲਾਹ ਆਪਣੇ ਬੰਦਿਆਂ ਉੱਤੇ ਜ਼ੁਲਮ ਨਹੀਂ ਕਰਦਾ। 183
* ਹਰੇਕ ਵਿਅਕਤੀ ਮੌਤ ਦਾ ਸੁਆਦ ਚੱਖੇਗਾ। 186
* ਸਾਰੇ ਅਕਾਸ਼ਾ ਤੇ ਪਤਾਲਾਂ ਦੀ ਪਾਤਸ਼ਾਹੀ ਅੱਲਾਹ ਦੀ ਹੀ ਹੈ ਅਤੇ ਅੱਲਾਹ ਹਰੇਕ ਗੱਲ ਤੇ ਸਮੱਰਥ ਹੈ। 190 (ਰਕੂਅ-19/10)
* ਜੋ ਸੂਝਵਾਨ ਉਠਦੇ ਬਹਿੰਦੇ ਤੇ ਲੇਟਦੇ ਅੱਲਾਹ ਦਾ ਸਿਮਰਨ ਕਰਦੇ ਹਨ ਅਤੇ ਅਕਾਸ਼ਾਂ ਤੋਂ ਪਤਾਲਾਂ ਦੀ ਸਾਜਨਾ ਬਾਰੇ ਸੋਚ ਵਿਚਾਰ ਕਰਦੇ ਰਹਿੰਦੇ ਹਨ। ਹੇ ਸਾਡੇ ਰੱਬ!ਤੂੰ ਇਸ ਬ੍ਰਹਿਮੰਡ ਸਾਰੇ ਦੀ ਸਾਜਨਾ ਅਜਾਈਂ ਨਹੀਂ ਕੀਤੀ। ਤੂੰ ਪਾਕ ਹੈ। ਸੋ ਤੂੰ ਸਾਨੂੰ ਅੱਗ ਤੋਂ ਬਚਾ। 192
* ਹੇ ਸਾਡੇ ਰੱਬ! ਜਿਸ ਨੂੰ ਤੂੰ (ਨਰਕ ਦੀ) ਅੱਗ ਵਿਚ ਸੁੱਟੇਗਾਂ, ਉਸ ਨੂੰ ਵੱਡਾ ਹੀਣਾ ਕਰੇਗਾਂ, ਅਤੇ ਜ਼ਾਲਮਾ ਦਾ ਕੋਈ (ਵੀ) ਸਹਾਇਕ ਨਹੀਂ ਹੋਵੇਗਾ। 193

੪-ਸੂਰਾਤੁਲ ਨਿਸਾ

(ਇਹ ਸੂਰਤ ਹਿਜਰਤ ਤੋਂ ਮਗਰੋਂ ਮਦੀਨੇ ਉਤਰੀ ਸੀ।ਇਸ ਦੀਆਂ ਬਿਸਮਿੱਲਾ ਸਮੇਤ 177 ਆਇਤਾਂ ਤੇ 24 ਰਕੂਅ ਹਨ।)

* ਸ਼ੁਰੂ ਅੱਲਾਹ ਦੇ ਨਾਂ ਤੋਂ ਜੋ ਬੜਾ ਕ੍ਰਿਪਾਲੂ ਅਤੇ ਦਿਆਲੂ ਹੈ। 1
* ਅਤੇ ਅਨਾਥਾਂ ਨੂੰ ਉਹਨਾਂ ਦੇ ਧਨ-ਪਦਾਰਥ ਦੇ ਦਿਓ ਅਤੇ ਪਵਿੱਤਰ (ਧਨ-ਪਦਾਰਥ) ਦੇ ਬਦਲੇ ਵਿੱਚ ਅਪਵਿੱਤਰ ਨਾ ਲਓ ਅਤੇ ਅਨਾਥਾਂ ਦੇ ਧਨ-ਪਦਾਰਥ ਆਪਣੇ ਧਨ-ਪਦਾਰਥਾਂ ਨਾਲ ਨਾ ਖਾਓ। ਬੇਸ਼ੱਕ ਇਹ ਵੱਡਾ ਪਾਪ ਹੈ। 3
* ਜੇ ਤੁਹਾਨੂੰ ਸਹਿਮ ਹੋਵੇ ਕਿ ਤੁਸੀਂ ਅਨਾਥਾਂ ਨਾਲ ਨਿਆਂ ਨਹੀਂ ਕਰ ਸਕੋਗੇ, ਅਤੇ (ਗੈਰ-ਯਤੀਮ) ਔਰਤਾਂ ਵਿਚੋਂ ਦੋ-ਦੋ ਜਾਂ ਤਿੰਨਾਂ-ਤਿੰਨਾਂ ਜਾਂ ਚਾਰ-ਚਾਰ ਨਾਲ ਵਿਆਹ ਕਰਾ ਲਉ। ਪਰ ਜੇਕਰ ਨਿਆਂ ਨਹੀਂ ਕਰ ਸਕੋਗੇ, ਤਾਂ ਇਕੋ (ਔਰਤ) ਨਾਲ (ਹੀ ਵਿਆਹ ਕਰ ਲਉ।) 4
* ਜਦ ਵੰਡ ਸਮੇਂ ਰਿਸ਼ਤੇਦਾਰ ਅਤੇ ਅਨਾਥ ਤੇ ਨਿਰਧਨ ਆ ਜਾਣ, ਉਹਨਾਂ ਨੂੰ ਵੀ ਦੇ ਦਿਓ ਅਤੇ ਚੰਗੀਆਂ ਗੱਲਾਂ ਕਹੋ। 9

* ਜੋ ਲੋਕ ਜ਼ੁਲਮ ਨਾਲ ਅਨਾਥਾਂ ਦਾ ਧਨ-ਪਦਾਰਥ ਖਾ ਜਾਂਦੇ ਹਨ, ਬੇਸ਼ਕ ਉਹ ਆਪਣੇ ਢਿੱਡਾਂ ਵਿੱਚ ਕੇਵਲ ਅੱਗ ਹੀ ਭਰਦੇ ਹਨ। ਆਖ਼ਰ ਉਹ ਅੱਗ ਵਿੱਚ ਸੁੱਟੇ ਜਾਣਗੇ।11 (ਰਕੂਅ-1/12)
* ਅਤੇ ਜਿਨ੍ਹਾਂ ਔਰਤਾਂ ਨੇ ਤੁਹਾਡੇ ਪਿਉ ਦਾਦੇ ਆਪਣੇ ਨਿਕਾਹ ਵਿੱਚ ਲਿਆ ਚੁੱਕੇ ਹਨ, (ਉਹਨਾਂ ਵਿਚੋਂ) ਕਿਸੇ ਔਰਤ ਨਾਲ ਵਿਆਹ ਨਾ ਕਰਾਓ। ਜੋ ਪਹਿਲਾਂ ਬੀਤ ਗਿਆ, ਬੇਸ਼ਕ ਇਹ ਬਹੁਤ ਹੀ ਭੈੜੀ ਰਸਮ ਸੀ। 23 (ਰਕੂਅ-3/14)
* ਤੁਹਾਡੀਆਂ ਮਾਵਾਂ, ਤੁਹਾਡੀਆਂ ਧੀਆਂ, ਤੁਹਾਡੀਆਂ ਭੈਣਾਂ, ਤੁਹਾਡੀਆਂ ਫੁਫੀਆਂ, ਤੁਹਾਡੀਆਂ ਮਾਸੀਆਂ, ਭਤੀਜੀਆਂ, ਭਣੇਵੀਆਂ, ਦੁੱਧ ਮਾਵਾਂ, ਦੁੱਧ-ਭੈਣਾਂ, ਸੱਸਾਂ, ਮਤਰੇਈਆਂ, ਧੀਆਂ - ਜੋ ਤੁਹਾਡੀਆਂ ਉਨ੍ਹਾਂ ਪਤਨੀਆਂ ਵਿਚੋਂ ਹਨ ਜਿਨ੍ਹਾਂ ਨਾਲ ਤੁਸੀਂ ਮੇਲ-ਜੋਲ ਕਰ ਚੁੱਕੇ ਤੇ ਉਹ ਤੁਹਾਡੇ ਘਰਾਂ ਵਿੱਚ ਪਲਦੀਆਂ ਹਨ, ਤੁਹਾਡੇ ਤੇ ਹਰਾਮ ਕੀਤੀਆਂ ਗਈਆਂ ਹਨ। 24

੫-ਸੂਰਾਤੁਲ ਮਾਇਦਹ

(ਇਹ ਸੂਰਤ ਹਿਜਰਤ ਤੋਂ ਮਗਰੋਂ, ਮਦੀਨੇ ਉਤਰੀ ਸੀ। ਬਿਸਮਿੱਲਾ ਸਣੇ ਇਸ ਦੀਆਂ 121 ਆਇਤਾਂ ਤੇ 16 ਰਕੂਅ ਹਨ)

* ਸ਼ੁਰੂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਮੁਸਲਮਾਨੋ ਆਪਣ ਬਚਨ ਸਦਾ ਪੂਰੇ ਕਰਦੇ ਰਿਹਾ ਕਰੋ। 2
* ਤੁਸੀਂ ਸਾਰੇ ਭਲੇ ਤੇ ਰੱਬ ਤੋਂ ਡਰਨ ਵਾਲੇ ਕੰਮਾਂ ਵਿੱਚ ਹੱਥ ਵਟਾਇਆ ਕਰੋ। ਅੱਲਾਹ ਤੋਂ ਸਦਾ ਡਰਦੇ ਰਹੋ। ਬੇਸ਼ਕ ਅੱਲਾਹ ਦਾ ਦੰਡ ਵੱਡਾ ਕਰੜਾ ਹੈ। 3
* ਤੁਹਾਡੇ ਲਈ ਕੇਵਲ ਮੁਰਦਾਰ, ਰਤ, ਸੂਰ ਦਾ ਮਾਸ ਤੇ ਉਹ (ਪਸ਼ੂ) ਜਿਸ ਤੇ ਅੱਲਾਹ ਤੋਂ ਛੁੱਟ (ਕਿਸੇ ਹੋਰ ਦਾ) ਨਾਂ ਲਿਆ ਗਿਆ ਹੋਵੇ, ਗਲ ਘੁੱਟਣ ਨਾਲ ਮਰਿਆ ਹੋਵੇ, ਖੁੰਡੇ ਹਥਿਆਰ ਦੀ ਸੱਟ ਨਾਲ, ਸਿੰਗ ਵਜਣ ਨਾਲ, ਪਾੜੂ ਜਾਨਵਰ ਨੇ ਚੀਰਿਆ-ਪਾੜਿਆ ਹੋਵੇ, ਦੇਵੀ-ਦੇਵਤੇ ਤੇ (ਭੇਟ ਚੜ੍ਹਾ ਕੇ) ਜ਼ਿਬਹ ਕੀਤਾ ਗਿਆ ਹੋਵੇ, ਹਰਾਮ ਕੀਤਾ ਗਿਆ ਹੈ।
* ਤੁਹਾਡੇ ਧਰਮ ਤੋਂ ਨਿਰਾਸ਼ ਹੋ ਗਏ ਹਨ, ਉਹਨਾ ਤੋਂ ਭੈ-ਭੀਤ ਨਾ ਹੋਵੋ ਅਤੇ ਸਦਾ ਮੈਥੋਂ ਹੀ ਡਰਦੇ ਰਹੋ। ਤੁਹਾਡਾ ਧਰਮ ਪੂਰਨ ਕਰ ਦਿੱਤਾ ਬੇਸ਼ਕ ਅੱਲਾਹ ਵੱਡਾ ਬਖਸ਼ਣਹਾਰ ਤੇ ਕਿਰਪਾ-ਨਿਧਾਨ ਹੈ। 4
* ਮੁਸਲਮਾਨੋ, ਜਦ ਤੁਸੀਂ ਨਮਾਜ਼ ਪੜ੍ਹਨ ਲਈ ਉੱਠੋ ਤਾਂ ਆਪਣੇ ਮੂੰਹ ਤੇ ਕੁਹਣੀਆਂ ਤੱਕ ਆਪਣੇ ਹੱਥ ਧੋ ਲਿਆ ਕਰੋ ਅਤੇ ਸਿਰਾਂ ਦਾ 'ਮਸਹ' ਵੀ

ਕਰ ਲਿਆ ਕਰੋ ਤੇ ਗਿਟਿਆਂ ਤੱਕ ਆਪਣੇ ਪੈਰ ਵੀ ਧੋ ਲਿਆ ਕਰੋ। ਜੇ ਤੁਸੀਂ ਭੋਗ-ਬਿਲਾਸ ਕੀਤਾ ਹੋਵੇ, ਤਾਂ ਅਸ਼ਨਾਨ ਕਰ ਲਿਆ ਕਰੋ। 7

* ਅਤੇ ਅੱਲਾਹ ਦਾ ਜੋ ਉਪਕਾਰ ਤੁਹਾਡੇ ਸਿਰ ਹੈ, ਉਸ ਪੱਕੇ ਪ੍ਰਣ ਨੂੰ ਜੋ ਉਸ ਨੇ ਤੁਹਾਥੋਂ ਲਿਆ ਸੀ। ਅੱਲਾਹ ਤੋਂ ਸਦਾ ਡਰਦੇ ਰਹੋ, ਬੇਸ਼ਕ ਅੱਲਾਹ ਘੱਟ-ਘੱਟ ਦਾ ਜਾਣਨਹਾਰ ਹੈ। 8
* ਇਨਸਾਫ਼ ਨਾਲ ਗਵਾਹੀ ਦੇਵੋ, ਅੱਲਾਹ ਵਾਸਤੇ ਖੜੇ ਹੋ ਜਾਓ। 9
* ਜੋ ਲੋਕ ਮੋਮਨ ਹਨ ਤੇ ਸ਼ੁਭ ਕਰਮ ਕਰਦੇ ਹਨ, ਉਹਨਾਂ ਨਾਲ ਅੱਲਾਹ ਨੇ ਇਹ ਇਕਰਾਰ ਕੀਤਾ ਹੈ ਕਿ ਉਹਨਾਂ ਲਈ ਵੱਡੀ ਬਖ਼ਸ਼ਿਸ਼ ਤੇ ਵੱਡਾ ਵਟਾਂਦਰਾ (ਨੀਅਤ) ਹੈ। 10
* ਮੋਮਨਾਂ ਨੂੰ ਕੇਵਲ ਅੱਲਾਹ ਉੱਤੇ ਹੀ ਭਰੋਸਾ ਕਰਨਾ ਚਾਹੀਦਾ ਹੈ। 12 (ਰਕੂਅ-2/6)
* ਜੋ ਲੋਕ ਅੱਲਾਹ ਦੀ ਰਜ਼ਾ ਵਿੱਚ ਚੱਲਦੇ ਹਨ, ਉਹ ਉਹਨਾਂ ਨੂੰ ਅੰਧਕਾਰ ਵਿਚੋਂ ਕੱਢ ਕੇ ਪ੍ਰਕਾਸ਼ ਵੱਲ ਅਤੇ ਸਿੱਧੇ ਮਾਰਗ ਵੱਲ ਉਹਨਾਂ ਦੀ ਅਗਵਾਈ ਕਰਦਾ ਹੈ। 17
* ਕੀ ਤੈਨੂੰ ਇਹ ਪਤਾ ਨਹੀਂ ਕਿ ਸਾਰੇ ਅਕਾਸ਼ਾਂ ਤੇ ਧਰਤੀ ਉਤੇ ਅੱਲਾਹ ਦਾ ਹੀ ਅਧਿਕਾਰ ਹੈ। ਜਿਸ ਨੂੰ ਚਾਹੇ ਕਸ਼ਟ ਦਿੰਦਾ ਅਤੇ ਜਿਸ ਨੂੰ ਚਾਹੇ ਮਾਫ਼ ਕਰ ਦਿੰਦਾ ਹੈ। ਅੱਲਾਹ ਹਰੇਕ ਗੱਲ ਤੇ ਪੂਰਾ ਸਮਰੱਥ ਹੈ। 41
* ਤੁਹਾਡੇ ਸਹਾਇਕ ਕੇਵਲ ਅੱਲਾਹ, ਉਸ ਦਾ ਰਸੂਲ ਤੇ ਉਹ ਮੋਮਨ ਹਨ, ਜੋ ਨਮਾਜ਼ ਪੜ੍ਹਦੇ ਅਤੇ ਜ਼ਕਾਤ ਦਿੰਦੇ ਰਹਿੰਦੇ ਹਨ। 56
* ਸੋ ਅੱਲਾਹ ਉਹਨਾਂ ਦੀ ਗੱਲ ਦੇ ਵਟਾਂਦਰੇ ਵਿੱਚ ਉਹਨਾਂ ਨੂੰ ਸਵਰਗ ਦੇਵੇਗਾ। 86
* ਮੁਸਲਮਾਨੋ ਸ਼ਰਾਬ, ਜੂਆ, ਬੁਤ ਤੇ ਕੁੱਰੇ ਪਾਉਣ ਦੇ ਤੀਰ ਕੇਵਲ ਮੰਦੇ ਤੇ ਸ਼ੈਤਾਨੀ ਕਰਮ ਹਨ, ਇਸ ਲਈ ਤੁਸੀਂ ਇਹਨਾਂ ਤੋਂ ਸਦਾ ਹੀ ਬਚਦੇ ਰਹੋ। 91
* ਸ਼ੈਤਾਨ ਕੇਵਲ ਇਹੋ ਚਾਹੁੰਦਾ ਹੈ ਕਿ ਤੁਹਾਡੇ ਵਿੱਚ ਸ਼ਰਾਬ ਤੇ ਜੂਏ ਰਾਹੀਂ ਵੈਰ-ਵਿਰੋਧ ਪਸਾਰ ਦੇਵੇ ਅਤੇ ਤੁਹਾਨੂੰ ਅੱਲਾਹ ਦੇ ਸਿਮਰਨ ਤੇ ਨਮਾਜ਼ ਪੜ੍ਹਨ ਤੋਂ ਰੋਕ ਦੇਵੇ। 92
* ਤੁਸੀਂ ਸਾਰਿਆਂ ਨੇ ਹੀ ਅੱਲਾਹ ਦੇ ਹਜ਼ੂਰ ਜਾਣਾ ਹੈ। ਸੋ ਤੁਸੀਂ ਜੋ ਕੁੱਝ ਕਰਦੇ ਹੋ, ਉਹ ਤੁਹਾਨੂੰ ਉਸ ਤੋਂ ਜਾਣੂੰ ਕਰਾਵੇਗਾ। 106

੬-ਸੂਰਾਤੁਲ ਅਨਆਮ

(ਇਹ ਸੂਰਤ ਮੱਕੇ ਉਤਰੀ ਸੀ। ਇਸ ਦੀਆਂ ਬਿਸਮਿੱਲਾਹ ਸਮੇਤ 166 ਆਇਤਾਂ ਤੇ 20 ਰਕੂਅ ਹਨ)

* ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ ਜੋ ਦਿਆਲੂ ਅਤੇ ਕਿਰਪਾਲੂ ਹੈ। 1

* ਤੁਸੀਂ ਉਸ ਨੂੰ ਪੁਕਾਰੋਗੇ। ਜਿਸ ਕਸ਼ਟ ਨੂੰ ਦੂਰ ਕਰਨ ਲਈ ਤੁਸੀਂ ਦੁਆਵਾਂ ਕਰੋਗੇ, ਉਹ ਉਸ ਨੂੰ ਜ਼ਰੂਰ ਦੂਰ ਕਰ ਦੇਵੇਗਾ। 42 (ਰਕੂਅ-4/10)

* ਅਸੀਂ ਅੱਲਾਹ ਤੋਂ ਛੁੱਟ ਉਸ ਦਾ ਕਿਉਂ ਸਿਮਰਨ ਕਰੀਏ, ਜੋ ਸਾਨੂੰ ਨਾ ਕੋਈ ਲਾਭ ਦੇ ਸਕਦਾ ਹੈ ਤੇ ਨਾ ਹਾਣ ਪਹੁੰਚਾ ਸਕਦਾ ਹੈ? ਬੇਸ਼ਕ ਅੱਲਾਹ ਦਾ ਮਾਰਗ ਹੀ ਅਸਲ ਸੁਮਾਰਗ ਹੈ ਅਤੇ ਸਾਨੂੰ ਇਹ ਹੁਕਮ ਦਿੱਤਾ ਗਿਆ ਕਿ ਅਸੀਂ ਸਾਰੇ ਜਹਾਨਾਂ ਦੇ ਰੱਬ ਦੀ ਆਗਿਆ ਦਾ ਪਾਲਨ ਕਰਦੇ ਰਹੀਏ। 72

੭-ਸੂਰਾਤੁਲ ਆਰਾਫ਼

(ਇਹ ਸੂਰਤ ਮੱਕੇ ਉਤਰੀ ਸੀ। ਇਸ ਦੀਆਂ ਬਿਸਮਿੱਲਾਹ ਸਮੇਤ 207 ਆਇਤਾਂ ਤੇ 24 ਰਕੂਅ ਹਨ)

* ਆਰੰਭ ਕਰਦਾ ਹਾਂ ਅੱਲਾਹ ਦਾ ਨਾਂ ਲੈ ਕੇ ਜੋ ਬੜਾ ਕਿਰਪਾਲੂ ਅਤੇ ਦਿਆਲੂ ਹੈ।1
* ਜਿਨ੍ਹਾਂ ਨੂੰ ਅੱਲਾਹ ਨੇ ਸੁਮਾਰਗ ਵੱਲ ਲਾਇਆ ਹੈ, ਉਹੋ ਹੀ ਸਿੱਧੇ ਮਾਰਗੇ ਤੇ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਉਹ ਕੁਰਾਹੀਏ ਕਰਾਰ ਦੇ ਦੇਵੇ, ਉਹੋ ਹੀ ਕੁਰਾਹੀਏ ਹੁੰਦੇ ਹਨ। ਉਹੋ ਹੀ ਘਾਟੇ ਵਿੱਚ ਰਹਿੰਦੇ ਹਨ। 179
* ਅਤੇ ਅਸੀਂ ਜਿਨ੍ਹਾਂ ਤੇ ਮਨੁੱਖਾਂ ਨੂੰ (ਕੇਵਲ ਮਿਹਰ) ਲਈ ਸਾਜਿਆ ਹੈ, ਪਰ ਉਨ੍ਹਾਂ ਵਿੱਚ ਬਹੁਤੇ ਨਰਕਾਂ ਦੇ ਅਧਿਕਾਰੀ ਸਿੱਧ ਹੁੰਦੇ ਹਨ। ਉਹਨਾਂ ਦੇ ਦਿਲ ਤਾਂ ਹੁੰਦੇ ਹਨ, ਪਰ ਉਹਨਾਂ ਦੁਆਰਾ ਸਮਝਦੇ ਨਹੀਂ, ਉਹਨਾਂ ਦੇ ਨੇਤਰ ਤਾਂ ਹੁੰਦੇ ਹਨ, ਪਰ ਉਨ੍ਹਾਂ ਦੁਆਰਾ ਵੇਖਦੇ ਨਹੀਂ, ਉਹਨਾਂ ਦੇ ਕੰਨ ਤਾਂ ਹੁੰਦੇ ਹਨ ਪਰ ਉਹਨਾਂ ਦੁਆਰਾ ਸੁਣਦੇ ਹੀ ਨਹੀਂ, ਉਹ ਤਾਂ ਪਸ਼ੂਆਂ ਸਮਾਨ ਹੁੰਦੇ ਹਨ; ਸਗੋਂ ਉਹਨਾਂ ਤੋਂ ਵੀ ਹੀਣੇ। ਅਸਲ ਗੱਲ ਇਹ ਹੈ ਕਿ ਉਹ ਉੱਕਾ ਹੀ ਜਾਹਲ ਹੁੰਦੇ ਹਨ। 180
* ਅੱਲਾਹ ਦੇ ਬਹੁਤ ਸਾਰੇ ਸ਼ੁਭ ਗੁਣ ਹਨ। ਸੋ ਤੁਸੀਂ ਉਹਨਾਂ ਦੁਆਰਾ ਉਸ ਅੱਗੇ ਦੁਆ ਕੀਤਾ ਕਰੋ ਅਤੇ ਉਹਨ੍ਹਾਂ ਲੋਕਾਂ ਦਾ ਤਿਆਗ ਕਰ ਦਿਓ, ਜੋ ਉਸ ਦੇ ਗੁਣਾਂ ਬਾਰੇ ਗਲਤ ਗੱਲਾਂ ਕਰਦੇ ਹਨ। ਉਹਨਾਂ ਨੂੰ ਉਹਨਾਂ ਦੇ ਕਰਮਾਂ ਦਾ ਫਲ ਦਿੱਤਾ ਜਾਏਗਾ। 181

* ਜਿਸ ਨੂੰ ਅੱਲਾਹ ਕੁਰਾਹੀਆਂ ਕਰਾਰ ਦੇ ਦੇਵੇ, ਉਸ ਨੂੰ ਕੋਈ ਸੁਮਾਰਗ ਵੱਲ ਨਹੀਂ ਜਾ ਸਕਦਾ ਅਤੇ ਉਹਨਾਂ ਨੂੰ ਉਨ੍ਹਾਂ ਦੀਆਂ ਸਰਕਸ਼ੀਆਂ ਵਿੱਚ ਭਟਕਦਿਆਂ ਹੀ ਛੱਡ ਦਿੰਦਾ ਹੈ। 187
* ਉਹੋ ਅੱਲਾਹ ਹੀ ਹੈ ਜਿਸ ਨੇ ਇੱਕ ਜਿੰਦ ਤੋਂ ਤੁਹਾਨੂੰ ਸਾਜਿਆ ਹੈ ਅਤੇ ਉਸੇ ਦੀ ਕਿਸਮ ਵਿਚੋਂ ਉਸ ਦਾ ਜੋੜਾ ਬਣਾਇਆ ਹੈ ਤਾਂ ਜੋ ਉਸ ਵੱਲ ਧਿਆਨ ਕਰ ਕੇ ਸ਼ਾਂਤੀ ਪ੍ਰਾਪਤ ਕਰ ਸਕੇ। ਦੋਵੇਂ ਮਰਦ ਤੇ ਤੀਵੀਂ ਆਪਣੇ ਅੱਲਾਹ ਅੱਗੇ, ਜੋ ਉਹਨਾਂ ਦਾ ਰੱਬ ਹੈ, ਇਹ ਦੁਆ ਕਰਦੇ ਹਨ ਕਿ ਸਾਨੂੰ ਇੱਕ ਅਰੋਗ ਬਾਲਕ ਦੇਵੇਗਾ, ਤਾਂ ਅਸੀਂ ਤੇਰੇ ਵੱਡੇ ਧੰਨਵਾਦੀ ਹੋਵਾਂਗੇ। 190
* ਜਦ ਕੁਰਾਨ ਪੜ੍ਹਿਆ ਜਾਏ, ਤਾਂ ਉਸ ਨੂੰ ਸੁਣਿਆ ਕਰੋ ਅਤੇ ਚੁੱਪ ਰਿਹਾ ਕਰੋ, ਤਾਂ ਜੋ ਤੁਹਾਡੇ ਤੇ ਰਹਿਮ ਕੀਤਾ ਜਾਏ। 205
* ਤੂੰ ਆਪਣੇ ਮਨ ਵਿੱਚ ਆਪਣੇ ਰੱਬ ਦਾ, ਨਿਮਰਤਾ ਤੇ ਸਹਿਮ ਨਾਲ ਸਿਮਰਨ ਕਰਦਾ ਰਿਹਾ ਕਰ ਅਤੇ ਹੌਲੀ ਆਵਾਜ਼ ਨਾਲ ਸਵੇਰ-ਸ਼ਾਮ ਕੀਤਾ ਕਰ ਅਤੇ ਕਦੇ ਵੀ ਗ਼ਫ਼ਲਤ ਕਰਨ ਵਾਲਿਆਂ ਨਾਲ ਨਾ ਰਲ। 206
* ਜੋ ਲੋਕ ਤੇਰੇ ਰੱਬ ਦੇ ਨਿਕਟਵਰਤੀ ਹਨ, ਬੇਸ਼ੱਕ ਉਹ ਆਪਣੇ ਰੱਬ ਦੀ ਬੰਦਗੀ ਤੋਂ ਆਪਣੇ ਆਪ ਨੂੰ ਵੱਡਾ ਨਹੀਂ ਸਮਝਦੇ ਅਤੇ ਉਸ ਦਾ ਸਿਮਰਨ ਕਰਦੇ ਰਹਿੰਦੇ ਹਨ ਅਤੇ ਉਸ ਦੇ ਅੱਗੇ ਮੱਥੇ ਟੇਕਦੇ ਰਹਿੰਦੇ ਹਨ। 207 (ਰਕੂਅ-24/14)

੮-ਸੂਰਾਤੁਲ ਅਨਫ਼ਾਲ

(ਇਹ ਸੂਰਤ ਮਦੀਨੇ ਉਤਰੀ ਸੀ ਅਤੇ ਬਿਸਮਿੱਲਹਾ ਸਮੇਤ ਇਸ ਦੀਆਂ 76 ਆਇਤਾਂ ਤੇ 10 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਲੈ ਕੇ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਤੇ ਕਿਰਪਾਲੂ ਹੈ। 1
* ਲੋਕ ਤੇਰੇ ਪਾਸੋਂ ਲੁੱਟ ਦੇ ਮਾਲ ਬਾਰੇ ਪੁੱਛਦੇ ਹਨ, ਇਹ ਕਹਿ ਦੇ ਕਿ ਲੁੱਟ (ਗਨੀਮਤ) ਦੇ ਮਾਲ ਅੱਲਾਹ ਤੇ ਉਸ ਦੇ ਰਸੂਲ ਦੇ ਹਨ। ਸੋ ਅੱਲਾਹ ਤੋਂ ਸਦਾ ਡਰਦੇ ਰਿਹਾ ਕਰੋ ਅਤੇ ਆਪਸ ਵਿੱਚ ਸੁਧਾਰ ਦਾ ਜਤਨ ਕਰਦੇ ਰਿਹਾ ਕਰੋ। 2
* ਮੁਸਲਮਾਨ ਤਾਂ ਕੇਵਲ ਉਹੋ ਹੀ ਹਨ ਕਿ ਜਦ (ਉਹਨਾਂ ਦੇ ਸਾਹਮਣੇ) ਅੱਲਾਹ ਦਾ ਜ਼ਿਕਰ ਕੀਤਾ ਜਾਂਦਾ ਹੈ, ਤਾਂ ਉਹਨਾਂ ਦੇ ਦਿਲ ਭੈ-ਭੀਤ ਹੋ ਜਾਂਦੇ ਹਨ। ਮੋਮਨ ਉਹੋ ਹਨ, ਜੋ ਆਪਣੇ ਰੱਬ ਤੇ ਭਰੋਸਾ ਕਰਦੇ ਹਨ। 3

* ਇਸੇ ਤਰ੍ਹਾਂ (ਸੱਚੇ) ਮੁਸਲਮਾਨ ਉਹ ਹਨ, ਜੋ ਨਮਾਜ਼ਾਂ ਪੜ੍ਹਦੇ ਰਹਿੰਦੇ ਹਨ ਅਤੇ ਜੋ ਅਸੀਂ ਉਹਨਾਂ ਨੂੰ ਦਿੱਤਾ ਹੋਇਆ ਹੈ, ਉਸ ਵਿਚੋਂ ਖ਼ਰਚ ਕਰਦੇ ਰਹਿੰਦੇ ਹਨ। 4
* ਤਾਂ ਜੁ ਉਹ ਸੱਚਾਈ ਨੂੰ ਸਥਾਪਨ ਕਰ ਦੇਵੇ ਤੇ ਝੂਠ ਨੂੰ ਮਲੀਆਮੇਟ ਕਰ ਦੇਵੇ, ਭਾਵੇਂ ਅਪਰਾਧੀ ਉਸ ਨੂੰ ਨਾ ਪਸੰਦ ਹੀ ਕਿਉਂ ਨਾ ਕਰਦੇ ਹੋਣ। 9
* ਅੱਲਾਹ ਵੱਡਾ ਬਲਵਾਨ ਤੇ ਯੁਕਤੀਮਾਨ ਹੈ। 11 (ਰਕੂਅ-1/15)
* ਨਿਰਸੰਦੇਹ ਅੱਲਾਹ ਮੋਮਨਾ ਦੇ ਅੰਗ ਸੰਗ ਹੈ। 20 (ਰਕੂਅ-2/16)
* ਉਹ ਅੱਲਾਹ ਦੇ ਨਜ਼ਦੀਕ ਪਸ਼ੂਆਂ ਨਾਲੋਂ ਵੀ ਭੈੜੇ ਹਨ, ਜੋ ਬੋਲੇ ਤੇ ਗੂੰਗੇ ਹਨ। ਜੋ ਕੁਝ ਵੀ ਸੂਝ ਬੂਝ ਨਹੀਂ ਰੱਖਦੇ। 23
* ਹੇ ਮੁਸਲਮਾਨੋ! ਅੱਲਾਹ ਤੇ ਉਸ ਦੇ ਰਸੂਲ ਦੀ ਖ਼ਿਆਨਾਤ ਨਾ ਕੀਤਾ ਕਰੋ ਅਤੇ ਨਾ ਹੀ ਆਪਣੀਆਂ ਅਮਾਨਤਾਂ ਵਿੱਚ ਖ਼ਿਆਨਤ ਕੀਤਾ ਕਰੋ। 28
* ਉਹਨਾਂ ਇਨਕਾਰੀਆਂ (ਕਾਫ਼ਰਾਂ) ਨਾਲ ਲੜਦੇ ਜਾਓ, ਇੱਥੋਂ ਤੱਕ ਕਿ ਧੱਕੇ ਦਾ ਨਾਂ ਨਿਸ਼ਾਨਾ ਵੀ ਬਾਕੀ ਨਾ ਰਹੇ ਅਤੇ ਧਰਮ ਸਾਰਿਆਂ ਦਾ ਹੀ ਅੱਲਾਹ ਲਈ ਹੋ ਜਾਏ,। 40
* ਜੋ ਕੁੱਝ ਵੀ ਤੁਹਾਨੂੰ ਗਨੀਅਤ ਮਿਲੇ, ਉਸ ਵਿੱਚੋਂ ਅੱਲਾਹ ਤੇ ਉਸ ਦੇ ਰਸੂਲ ਅਤੇ ਨੇੜਤਾ ਰੱਖਣ ਵਾਲਿਆ ਵਾਸਤੇ ਅਤੇ ਯਤੀਮਾਂ ਤੇ ਕੰਗਾਲਾਂ ਲਈ ਅਤੇ ਮੁਸਾਫਰਾਂ ਲਈ ਵੀ ਪੰਜਵਾਂ ਹਿੱਸਾ ਹੈ। ਅੱਲਾਹ ਸਰਬ ਕਲਾ ਸਮਰਥ ਹੈ। 42
* ਹੇ ਮੋਮਨੋ! ਜਦ ਤੁਸੀਂ ਇਨਕਾਰੀਆਂ (ਕਾਫ਼ਰਾਂ) ਦੀ ਕਿਸੇ ਫੌਜ਼ ਦੇ ਟਾਕਰੇ ਤੇ ਆਓ, ਤਾਂ ਆਪਣੇ ਪੈਰ ਜਮਾ ਕੇ ਰੱਖੋ ਅਤੇ ਅੱਲਾਹ ਦਾ ਬਹੁਤ ਸਿਮਰਨ ਕਰਦੇ ਰਹੋ, ਤਾਂ ਜੁ ਤੁਸੀਂ ਸਫ਼ਲਤਾ ਪ੍ਰਾਪਤ ਕਰ ਸਕੋ। 46
* ਇਹ (ਅਜ਼ਾਬ) ਤੁਹਾਡੇ (ਆਪਣੇ) ਹੱਥਾਂ ਦੀਆਂ ਪਿਛਲੀਆਂ ਕਰਤੂਤਾਂ ਦਾ ਸਿੱਟਾ ਹੈ ਅਤੇ ਅੱਲਾਹ ਆਪਣੇ ਬੰਦਿਆਂ ਤੇ ਰਤਾ ਵੀ ਜ਼ੁਲਮ ਨਹੀਂ ਕਰਦਾ। 52
* ਅੱਲਾਹ ਦੇ ਨਜ਼ਦੀਕ ਉਹ (ਲੋਕ) ਪਸ਼ੂਆਂ ਤੋਂ ਵੀ ਹੀਣੇ ਹਨ, ਜਿਨ੍ਹਾਂ ਨੇ ਅੱਲਾਹ ਦੀਆਂ ਆਇਤਾਂ ਦਾ ਇਨਕਾਰ ਕਰ ਦਿੱਤਾ ਹੈ ਅਤੇ ਜਿਹੜੇ ਇਮਾਨ ਨਹੀਂ ਲਿਆਂਉਂਦੇ।56
* ਹੇ ਨਬੀ! ਮੋਮਨਾਂ ਨੂੰ (ਇਨਕਾਰੀਆਂ ਨਾਲ) ਲੜਨ ਦੀ ਮੁੜ ਮੁੜ ਪ੍ਰੇਰਨਾ ਦਿੰਦੇ ਰਹੋ। ਜੇ ਤੁਹਾਡੇ ਵਿਚੋਂ ਵੀਹ ਸਾਬਤ ਕਦਮ ਰਹਿਣਵਾਲੇ (ਮੋਮਨ) ਹੋਣਗੇ, ਤਾਂ ਦੋ ਸੋ (ਇਨਕਾਰੀਆਂ) ਤੇ ਭਾਰੂ ਹੋਣਗੇ ਅਤੇ ਜੇ ਸੋ ਸਾਬਤ ਕਦਮ

ਰਹਿਣ ਵਾਲੇ ਮੋਮਨ ਹੋਣਗੇ, ਤਾਂ ਉਹ ਇੱਕ ਹਜ਼ਾਰ ਇਨਕਾਰੀਆਂ ਤੇ ਭਾਰੂ ਹੋਣਗੇ। 66

- ਅਜੇ ਅੱਲਾਹ ਨੇ ਤੁਹਾਡਾ ਭਾਰ ਹੋਲਾ ਕਰ ਦਿਤਾ ਹੈ ਅਤੇ ਜਾਣ ਲਿਆ ਹੈ ਕਿ ਤੁਹਾਡੇ ਵਿੱਚ ਅਜੇ ਕਮਜ਼ੋਰੀ ਹੈ (ਅਰਥਾਤ ਸਾਰੇ ਮੋਮਨ ਉਚ ਦਰਜੇ ਦੇ ਮੋਮਨ ਹੀ ਬਣ ਸਕੇ) ਸੋ ਚਾਹੀਦਾ ਹੈ ਕਿ ਜੇ ਤੁਹਾਡੇ ਵਿਚੋਂ ਇਕ ਹਜ਼ਾਰ ਦ੍ਰਿੜ ਵਿਸ਼ਵਾਸੀ (ਮੋਮਨ) ਹੋਣਗੇ, ਤਾਂ ਉਹ ਦੋ ਹਜ਼ਾਰ (ਇਨਕਾਰੀਆਂ) ਤੇ, ਅੱਲਾਹ ਦੇ ਹੁਕਮ ਨਾਲ ਭਾਰੂ ਹੋਣਗੇ। ਅੱਲਾਹ ਦ੍ਰਿੜ ਵਿਸ਼ਵਾਸੀਆਂ ਦੇ ਅੰਗ-ਸੰਗ ਹੁੰਦਾ ਹੈ। 67
- ਕਿਸੇ ਵੀ ਨਬੀ ਦੀ ਇਹ ਸ਼ਾਨ ਨਹੀਂ ਕਿ ਉਹ (ਕਿਸੇ ਨੂੰ) ਕੈਦੀ ਬਣਾਏ, ਜਦ ਤੱਕ ਕਿ ਉਹ ਦੇਸ਼ ਵਿੱਚ ਮਾਰਧਾੜ ਨਾ ਕਰੇ। (ਜੇ ਤੁਸੀਂ ਕਦੇ) ਬਕਾਇਦਾ ਜੰਗ ਤੋਂ ਬਿਨਾਂ ਕੈਦੀ ਬਣਾ ਲਓ ਤਾਂ ਤੁਸੀਂ ਸੰਸਾਰੀ ਪਦਾਰਥਾਂ ਦੇ ਚਾਹਵਾਨ ਸਮਝੇ ਜਾਓਗੇ ਹਾਲਾਂਕਿ ਅੱਲਾਹ ਤੁਹਾਡੇ ਵਾਸਤੇ ਪਰਲੋਕ ਦੀਆਂ ਬਖ਼ਸ਼ਿਸ਼ਾਂ ਚਾਹੁੰਦਾ ਹੈ। 68
- ਜੋ ਕੁੱਝ ਤੁਹਾਨੂੰ ਗੁਨੀਮਤ ਵਿੱਚੋਂ ਮਿਲੇ ਅਤੇ ਰੱਬੀ ਹੁਕਮ ਅਨੁਸਾਰ ਹਲਾਲ ਤੇ ਪਾਕ ਹੋਵੇ, ਉਸ ਨੂੰ ਖਾਓ ਅਤੇ ਅੱਲਾਹ ਤੋਂ ਡਰਦੇ ਰਿਹਾ ਕਰੋ। 70 (ਰਕੂਅ – 9/5)
- ਜੇ ਉਹ ਤੁਹਾਡੇ ਕੋਲੋਂ ਧਰਮ ਬਾਰੇ ਸਹਾਇਤਾ ਮੰਗਣ, ਤਾਂ ਤੁਹਾਡੇ ਤੇ ਉਹਨਾਂ ਦੀ ਸਹਾਇਤਾ ਕਰਨਾ ਫਰਜ਼ ਹੈ। 73
- ਜਿਨ੍ਹਾਂ ਲੋਕਾਂ ਨੇ ਇਨਕਾਰ ਕੀਤਾ ਹੈ, ਉਹ ਆਪਸ ਵਿੱਚ ਇੱਕ ਦੂਜੇ ਦੇ ਮਿੱਤਰ ਹਨ ਅਤੇ ਜੇ ਤੁਸੀਂ ਉਹੋ ਕੁਝ ਨਾ ਕਰੋ, ਜਿਸ ਦਾ ਅਸੀਂ ਤੁਹਾਨੂੰ ਹੁਕਮ ਦਿੱਤਾ ਹੈ, ਤਾਂ ਦੇਸ਼ ਵਿੱਚ (ਵੱਡਾ) ਫ਼ਸਾਦ ਤੇ ਉਪੱਦਰ ਮਚ ਜਾਏ। 74

੯-ਸੂਰਾਤੁਤ ਤੌਬਹ

(ਇਹ ਸੂਰਤ ਮਦੀਨੇ ਉਤਰੀ ਸੀ ਇਸ ਦੀਆਂ 129 ਆਇਤਾਂ ਤੇ 16 ਰਕੂਅ ਹਨ)

- ਬੇਸ਼ੱਕ ਅੱਲਾਹ ਸੰਜਮੀਆਂ ਨੂੰ ਪਸੰਦ ਕਰਦਾ ਹੈ। 4
- (ਹੇ ਮੋਮਨੋ!) ਕੀ ਤੁਸੀਂ ਉਸ ਕੌਮ ਨਾਲ ਨਹੀਂ ਲੜੋਗੇ, ਜਿਸ ਨੇ ਆਪਣੀਆਂ ਕਸਮਾਂ ਤੋੜ ਦਿੱਤੀਆਂ ਹਨ ਅਤੇ ਰਸੂਲ ਨੂੰ ਘਰੋਂ ਬੇਘਰ ਕਰਨ ਦਾ ਫੈਸਲਾ ਕੀਤਾ, ਤੁਸੀਂ ਜੇ ਮੋਮਨ ਹੋ ਤਾਂ ਸਮਝ ਲਓ ਕਿ ਅੱਲਾਹ ਇਸ ਦਾ ਵਧੇਰੇ ਅਧਿਕਾਰੀ ਹੈ ਕਿ ਤੁਸੀਂ ਉਸੇ ਤੋਂ ਭੈ-ਭੀਤ ਹੋਵੋ। 13
- ਹੇ ਮੋਮਨੋ! ਆਪਣੇ ਪਿਓ-ਦਾਦਿਆਂ ਤੇ ਆਪਣੇ ਭਰਾਵਾਂ ਨੂੰ, ਜੇ ਉਹ

ਈਮਾਨ ਦੇ ਟਾਕਰੇ ਤੇ ਇਨਕਾਰ ਨਾਲ ਵਧੇਰੇ ਪਿਆਰ ਕਰਦੇ ਹੋਣ, ਆਪਣੇ ਸੱਚੇ ਮਿੱਤਰ ਨਾ ਬਣਾਓ ਅਤੇ ਤੁਹਾਡੇ ਵਿੱਚੋਂ ਜਿਹੜੇ ਵੀ ਉਹਨਾਂ ਨਾਲ ਮਿੱਤਰਤਾ ਕਰਨਗੇ। ਬੇਸ਼ੱਕ ਉਹ ਜ਼ਾਲਮਾਂ ਵਿਚੋਂ ਹੋਣਗੇ। 23

- ਜੋ ਲੋਕ ਅੱਲਾਹ ਤੇ ਈਮਾਨ ਨਹੀਂ ਰੱਖਦੇ ਤੇ ਨਾ ਕਿਆਮਤ ਦੇ ਦਿਨ ਤੇ ਅਤੇ ਨਾ ਉਸ ਨੂੰ – ਜਿਸ ਨੂੰ ਅੱਲਾਹ ਤੇ ਉਸ ਦੇ ਰਸੂਲ ਨੇ ਹਰਾਮ ਦੱਸਿਆ ਹੈ ਨਾ ਹਰਾਮ ਸਮਝਦੇ ਹਨ ਅਤੇ ਨਾ ਸਤਿ ਧਰਮ ਨੂੰ ਧਾਰਨ ਕਰਦੇ ਹਨ। 29 (ਰਕੂਅ-4/10)
- ਹੇ ਮੋਮਨੋ! ਬਹੁਤ ਸਾਰੇ 'ਅਹਿਬਾਰ' ਤੇ 'ਰੁਹਬਾਨ' ਲੋਕਾਂ ਦ ਧਨ-ਪਦਾਰਥ ਅਯੋਗ ਢੰਗ ਨਾਲ ਖਾਂਦੇ ਹਨ ਅਤੇ ਅੱਲਾਹ ਦੇ ਮਾਰਗ ਤੋਂ ਰੋਕਦੇ ਹਨ ਅਤੇ ਉਹ ਲੋਕ ਜੋ ਸੋਨਾ ਚਾਂਦੀ ਇਕੱਤਰ ਕਰਦੇ ਹਨ ਅਤੇ ਅੱਲਾਹ ਦੇ ਮਾਰਗ ਵਿੱਚ ਖ਼ਰਚ ਨਹੀ ਕਰਦੇ ਉਹਨਾਂ ਨੂੰ ਦਰਦਨਾਕ ਅਜ਼ਾਬ ਦੀ ਖ਼ਬਰ ਦੇ। 34
- ਬੇਸ਼ੱਕ ਮਹੀਨਿਆਂ ਦੀ ਗਿਣਤੀ ਅੱਲਾਹ ਦੇ ਨੇੜੇ ਬਾਰ੍ਹਾਂ ਮਹੀਨੇ ਹੁੰਦੀ ਹੈ। ਇਹ ਅੱਲਾਹ ਦਾ ਕਾਨੂੰਨ ਉਸ ਦਿਨ ਤੋਂ ਹੈ, ਜੱਦ ਕਿ ਆਕਾਸ਼ਾਂ ਤੇ ਪਾਤਾਲਾਂ ਦੀ ਸਾਜਨਾ ਕੀਤੀ ਗਈ ਹੈ। 36
- ਹੇ ਮੋਮਨੋ! ਤੁਸੀਂ ਜਿਹਾਦ ਵਾਸਤੇ ਨਿਕਲ ਖੜੇ ਹੋਵੇ ਭਾਵੇਂ ਤੁਹਾਡੇ ਕੋਲ ਸਮਾਨ ਹੈ ਤੇ ਭਾਂਵੇ ਬੇਸਾਮਾਨ ਹੋ ਅਤੇ ਆਪਣੀਆਂ ਜਾਨਾਂ ਤੇ ਧਨ ਨਾਲ ਅੱਲਾਹ ਦੇ ਮਾਰਗ ਵਿੱਚ ਜਿਹਾਦ ਕਰੋ। ਇਹ ਤੁਹਾਡੇ ਲਈ ਜੇ ਤੁਸੀਂ ਸੂਝਵਾਨ ਹੋ, ਤਾਂ ਬਹੁਤ ਹੀ ਚੰਗਾ ਹੋਵੇਗਾ। 41
- ਦਾਨ-ਪੁੰਨ ਤੇ ਕੇਵਲ ਨਿਰਧਨਾ ਤੇ ਕੰਗਾਲਾਂ ਲਈ ਹੀ ਹਨ ਅਤੇ ਉਹਨਾਂ ਲਈ ਵੀ ਜੋ ਦਾਨ-ਪੁੰਨ ਇੱਕਤਰ ਕਰਨ ਤੇ ਨੀਯਤ ਕੀਤੇ ਜਾਂਦੇ ਹਨ। ਉਹਨਾਂ ਵਾਸਤੇ ਵੀ ਹਨ ਜਿਨ੍ਹਾਂ ਦੇ ਦਿਲ ਆਪਣੇ ਨਾਲ ਜੋੜਨ ਦੇ ਚਾਹਨਾ ਹੋਵੇ ਅਤੇ ਇਸੇ ਤਰ੍ਹਾਂ ਕੈਦੀਆਂ ਦੇ ਕਰਜ਼ਦਾਰਾਂ ਲਈ ਅਤੇ ਜੋ ਅੱਲਾਹ ਦੇ ਮਾਰਗ ਅਤੇ ਮੁਸਾਫ਼ਰਾਂ ਵਾਸਤੇ, ਇਹ ਫ਼ਰਜ਼ ਅੱਲਾਹ ਨੇ ਕੀਤਾ ਹੋਇਆ ਹੈ।60
- ਅੱਲਾਹ ਨੇ ਕਪਟੀ ਮਰਦਾਂ ਤੇ ਕਪਟੀ ਔਰਤਾਂ ਅਤੇ ਇਨਕਾਰੀਆਂ (ਕਾਫ਼ਰਾਂ) ਨਾਲ ਨਰਕ ਦੀ ਅੱਗ ਦਾ ਇਕਰਾਰ ਕੀਤਾ ਹੈ। ਅੱਲਾਹ ਨੇ ਉਹਨਾਂ ਨੂੰ ਆਪਣੀ ਦਰਗਾਹੋ ਅਟੱਲ ਕਸ਼ਟ ਨੀਅਤ ਕੀਤੇ ਹਨ। 68
- ਹੇ ਨਬੀ! ਇਨਕਾਰੀਆਂ ਤੇ ਕਪਟੀਆਂ ਨਾਲ ਜਿਹਾਦ ਕਰ ਅਤੇ ਉਹਨਾਂ ਤੇ ਸਖ਼ਤੀ ਕਰ। ਉਹਨਾਂ ਦਾ ਟਿਕਾਣਾ ਨਰਕ ਅਤੇ ਭੈੜਾ ਅਸਥਾਨ ਹੈ। 73
- ਕਈ ਬੰਦੇ ਅੱਲਾਹ ਨਾਲ ਅਹਿਦ ਕਰਦੇ ਹਨ ਕਿ ਜੇ ਉਹ (ਅੱਲਾਹ) ਆਪਣੀ ਮਿਹਰ ਨਾਲ ਕੁੱਝ ਦੇਵੇਗਾ, ਤਾਂ ਉਹ ਜ਼ਰੂਰ ਉਸ ਦੇ ਮਾਰਗ ਵਿੱਚ ਪੁੰਨ-ਦਾਨ

ਕਰਨਗੇ ਅਤੇ ਉਹ ਜ਼ਰੂਰ ਭਲੇ ਪੁਰਖ ਬਣ ਜਾਣਗੇ। 75

* ਅਲੱਾਹ ਜੋ ਉਹਨ੍ਹਾਂ ਨੂੰ ਆਪਣੀ ਕਿਰਪਾ ਨਾਲ ਧਨ ਬਖ਼ਸ਼ਦਾ ਹੈ ਤਾਂ ਉਹ ਉਸ ਦੇ ਰਾਹ ਵਿੱਚ ਖ਼ਰਚ ਕਰਨ ਤੋਂ ਕੰਜੂਸੀ ਕਰਦੇ ਹਨ। 76
* ਉਹਨਾਂ ਜੋ ਅੱਲਾਹ ਨਲਾ ਅਹਿਦ ਕੀਤਾ ਸੀ, ਉਸ ਦੇ ਉਲਟ ਕੀਤਾ ਸੀ ਅਤੇ ਇਸ ਕਰ ਕੇ ਉਹ ਝੂਠ ਬੋਲਦੇ ਸਨ। 77
* ਦੋਸ਼ ਕੇਵਲ ਉਹਨਾਂ ਲੋਕਾਂ ਤੇ ਹੈ, ਜੋ ਇਸ ਦਸ਼ਾ ਵਿੱਚ ਆਗਿਆ ਮੰਗਦੇ ਹਨ ਕਿ ਉਹ ਧਨਾਢ ਹੁੰਦੇ ਹੋਏ ਵੀ, ਪਿੱਛੇ ਰਹਿ ਜਾਣ ਵਾਲੇ ਕ਼ਬੀਲਿਆਂ ਨਾਲ ਰਾਜ਼ੀ ਹੋ ਗਏ ਸਨ ਅਤੇ ਅੱਲਾਹ ਨੇ ਉਹਨਾਂ ਦੇ ਦਿਲਾਂ ਤੇ ਮੋਹਰ ਲਾ ਦਿੱਤੀ ਹੈ, ਪਰ ਉਹ ਸਮਝਦੇ ਹੀ ਨਹੀਂ। 93

੧੦-ਸੂਰਤ ਯੂਨੁਸ

(ਇਹ ਸੂਰਤ ਹਿਜਰਤ ਤੋਂ ਪਹਿਲਾਂ ਮੱਕੇ ਉਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 110 ਆਇਤਾਂ ਤੇ 11 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਤੇ ਕਿਰਪਾਲੂ ਹੈ।1
* ਨਿਰਸੰਦੇਹ ਤੁਹਾਡਾ ਰੱਬ (ਉਹ) ਅੱਲਾਹ ਹੈ, ਜਿਸ ਨੇ ਸਾਰੇ ਆਕਾਸ਼ ਤੇ ਧਰਤੀ ਛੇ ਸਮਿਆਂ ਵਿੱਚ ਰਚੇ ਹਨ। ਫਿਰ ਉਹ ਅਰਸ਼ ਉੱਤੇ ਸਥਾਪਨ ਹੋਇਆ। ਉਹ ਹਰੇਕ ਚੀਜ਼ ਦਾ ਪ੍ਰਬੰਧਕ ਹੈ।
* ਅਤੇ ਨਿਰਸੰਦੇਹ ਅਸੀਂ ਤੁਹਾਥੋਂ ਪਹਿਲਾਂ ਕਈ ਕੌਮਾਂ ਨੂੰ ਜਦ ਕਿ ਉਹਨਾਂ ਨਾਲ ਉਹਨਾਂ ਦੇ ਰਸੂਲ ਸਪਸ਼ਟ ਚਮਤਕਾਰ ਲੈ ਕੇ ਆਏ ਸਨ - ਜ਼ੁਲਮ ਕਮਾਇਆ ਸੀ, ਅਤੇ ਸ਼ਰਧਾ ਧਾਰਨ ਨਹੀਂ ਕੀਤੀ ਸੀ ਨਸ਼ਟ ਕਰ ਚੁੱਕੇ ਹਾਂ। ਅਸੀਂ ਅਪਰਾਧੀਆਂ ਨੂੰ ਇਸੇ ਤਰ੍ਹਾਂ ਬਦਲਾ ਦਿਆ ਕਰਦੇ ਹਾਂ। 14
* ਅਤੇ ਸਾਰੇ ਲੋਕ ਇੱਕੋ ਹੀ ਧੜਾ ਸਨ। ਫਿਰ ਉਹਨਾਂ ਨੇ ਆਪਸ ਵਿਚ ਮਤਭੇਦ ਕਰ ਲਿਆ। 20
* ਅਤੇ ਹਰੇਕ ਕੌਮ ਲਈ ਇਕ ਰਸੂਲ ਹੈ। ਸੋ ਜਦ ਉਹਨਾਂ ਦਾ ਰਸੂਲ ਆਉਂਦਾ ਹੈ, ਤਾਂ ਉਹਨਾਂ ਦੇ ਵਿਚਾਲੇ ਨਿਆਂ ਪੂਰਬਲ ਫੈਸਲਾ ਕਰ ਦਿੱਤਾ ਜਾਂਦਾ ਹੈ ਅਤੇ ਉਹਨਾਂ ਤੇ ਕੋਈ ਜ਼ੁਲਮ ਨਹੀਂ ਕੀਤਾ ਜਾਂਦਾ। 48
* ਉਹਨਾਂ ਫੈਸਲਾ ਇੰਨਸਾਫ਼ ਨਾਲ ਕੀਤਾ ਅਤੇ ਉਹਨਾਂ ਉੱਤੇ (ਕੋਈ ਵੀ) ਜ਼ੁਲਮ ਨਹੀਂ ਕੀਤਾ ਜਾਵੇਗਾ। 55
* ਬੰਦੇ ਨਾ ਸ਼ੁਕਰੇ ਹਨ। 61 (ਰਕੂਅ - 6/11)

* ਸੁਣੋ! ਜੋ ਅੱਲਾਹ ਨਾਲ ਸੱਚਾ ਪਿਆਰ ਕਰਦੇ ਹਨ, ਉਹਨਾਂ ਨੂੰ ਨਾ ਕੋਈ ਸਹਿਮ ਹੁੰਦਾ ਹੈ ਤੇ ਨਾ ਉਹ ਕਦੇ ਚਿੰਤਾਤੁਰ ਹੀ ਹੁੰਦੇ ਹਨ। 63
* ਜੋ ਲੋਕ ਅੱਲਾਹ ਉੱਤੇ ਝੂਠ ਮਾਰਦੇ ਹਨ, ਉਹ ਕਦੇ ਸਫ਼ਲ ਨਹੀਂ ਹੋ ਸਕਦੇ। 70
* ਅੱਲਾਹ ਆਪਣੇ ਕਥਨਾਂ ਦੁਆਰਾ ਸੱਚਾਈ ਨੂੰ ਹੀ ਸਥਾਪਨ ਕੀਤਾ ਕਰਦਾ ਹੈ, ਭਾਵੇਂ ਅਪਰਾਧੀ ਬੁਰਾ ਹੀ ਪਏ ਮਨਾਉਣ। 83 (ਰਕੂਅ – 8/13)
*

੧੧-ਸੂਰਤ ਹੂਦ

(ਇਹ ਸੂਰਤ ਹਿਜਰਤ ਤੋਂ ਪਹਿਲਾਂ ਮੱਕੇ ਉਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 124 ਆਇਤਾਂ ਤੇ 10 ਰਕੂਅ ਹਨ)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਤੇ ਕਿਰਪਾਲੂ ਹੈ। 1
* ਧਰਤੀ ਉੱਤੇ ਕੋਈ ਵੀ ਅਜਿਹਾ ਜੀਵ ਨਹੀਂ, ਜਿਸ ਦੀ ਰੋਜ਼ੀ ਅੱਲਾਹ ਦੇ ਜ਼ਿੰਮੇ ਨਾ ਹੋਵੇ। ਉਹ ਉਸ ਦੇ ਆਰਜ਼ੀ ਟਿਕਾਣੇ ਤੇ ਪੱਕੇ ਟਿਕਾਣੇ ਦਾ ਜਾਣਨਹਾਰ ਹੈ। 7
* ਅਤੇ ਇਹ ਇਕ ਪੱਕੀ ਗੱਲ ਹੈ ਕਿ ਜੇ ਅਸੀਂ ਇਸ ਅਜ਼ਾਬ ਨੂੰ ਨੀਅਤ ਸਮੇਂ ਤੱਕ ਉਹ ਨਾਂ ਤੋਂ ਟਲਾ ਦੇਈਏ, ਤਾਂ ਉਹ ਜ਼ਰੂਰ ਇਹ ਕਹਿਣਗੇ (ਕਿ) ਕਿਹੜੀ ਗੱਲ ਇਸ ਨੂੰ ਰੋਕ ਰਹੀ ਹੈ। ਸੁਣੋ! ਜਦ ਉਹ ਦਿਨ ਉਹਨਾਂ ਉੱਤੇ ਆ ਜਾਏਗਾ, ਤਾਂ ਉਹਨਾਂ ਤੋਂ ਟਲਾਇਆ ਨਹੀਂ ਜਾ ਸਕੇਗਾ। 9 (ਰਕੂਅ – 1/1)
* ਦੁਸ਼ਟਾਂ ਪਰ ਅੱਲਾਹ ਦੀ ਫਿਟਕਾਰ ਹੈ। 21
* ਤੁਸੀਂ ਅੱਲਾਹ ਦੀ ਇਬਾਦਤ ਕੀਤਾ ਕਰੋ। ਉਸ ਤੋਂ ਛੁਟ ਤੁਹਾਡਾ ਹੋਰ ਕੋਈ ਇਸ਼ਟ ਨਹੀਂ। 51
* ਅੱਲਾਹ ਇਸ ਗੱਲ ਦਾ ਗਵਾਹ ਹੈ ਤੇ ਤੁਸੀਂ ਵੀ ਗਵਾਹ ਹੋ ਕਿ ਜਿਸ ਕਿਸੇ ਹੋਰ ਚੀਜ਼ ਨੂੰ ਤੁਸੀਂ ਅੱਲਾਹ ਦੀ ਬਰਾਬਰੀ ਦਿੰਦੇ ਹੋ, ਮੈਂ ਉਸ ਤੋਂ ਉਪਰਾਮ ਹਾਂ। 55-56
* ਉਸ ਨੇ ਕਿਹਾ ਕਿ ਕਾਸ਼, ਮੈਨੂੰ ਤੁਹਾਡੇ ਟਾਕਰੇ ਤੇ ਬਲ ਹੁੰਦਾ, ਪਰ ਜੇ ਇਹ ਨਹੀਂ ਤਾਂ ਇਹੋ ਠੀਕ ਹੈ ਕਿ ਮੈਂ ਵੱਡੇ ਰਾਖਣਹਾਰ (ਅੱਲਾਹ) ਦੀ ਸ਼ਰਨ ਲੈਂਦਾ ਹਾਂ। 81
* ਤੁਸੀਂ ਅੱਲਾਹ ਦੀ ਇਬਾਦਤ ਕਰੋ। ਉਸ ਤੋਂ ਛੁੱਟ ਤੁਹਾਡਾ ਕੋਈ ਇਸ਼ਟ ਨਹੀਂ ਹੈ ਅਤੇ ਗਿਣਤੀ ਤੇ ਤੋਲ ਨੂੰ ਘੱਟ ਨਾ ਕਰਿਆ ਕਰੋ। ਬੇਸ਼ਕ ਮੈਂ ਤੁਹਾਨੂੰ

ਚੰਗੀ ਹਾਲਤ ਵਿੱਚ ਦੇਖ ਰਿਹਾ ਹਾਂ। 85

* ਅਸੀਂ ਉਸ ਨੂੰ ਕੇਵਲ ਇੱਕ ਨੀਅਤ ਸਮੇਂ ਤੱਕ ਹੀ ਢਿੱਲ ਦੇ ਰਹੇ ਹਾਂ। 105
* ਅਤੇ ਤੂੰ ਸਬਰ ਤੋਂ ਕੰਮ ਲੈ; ਕਿਉਂਕਿ ਅੱਲਾਹ ਭਲੇ ਪੁਰਖਾਂ ਦਾ ਫਲ ਕਦੇ ਵੀ ਅਜਾਈਂ ਨਹੀਂ ਗੁਆਇਆ ਕਰਦਾ। 116
* ਅਤੇ ਤੇਰੇ ਰੱਬ ਕਦੇ ਵੀ ਅਜਿਹਾ ਨਹੀਂ ਹੈ ਕਿ ਉਹ ਆਬਾਦੀਆਂ ਨੂੰ ਇਸ ਦੇ ਹੁੰਦਿਆਂ ਕਿ ਉਹਨਾਂ ਦੇ ਵਸਨੀਕ ਸੁਧਾਰ ਵਿੱਚ ਰੁੱਝੇ ਹੋਣ-ਨਸ਼ਟ ਕਰ ਦੇਵੇ। 118
* ਇਸ ਸੂਰਤ ਵਿੱਚ ਉਹ ਸਾਰੀਆਂ ਗੱਲਾਂ ਆ ਗਈਆਂ, ਜੋ ਸੱਚਾਈ ਤੇ ਯੁਕਤੀ ਨਾਲ ਭਰਪੂਰ ਹਨ। 121
* ਅਤੇ ਸਾਰੇ ਅਕਾਸ਼ਾਂ ਤੇ ਪਤਾਲਾਂ ਦਾ ਗੁਪਤ ਗਿਆਨ ਕੇਵਲ ਅੱਲਾਹ ਨੂੰ ਹੀ ਪ੍ਰਾਪਤ ਹੈ। 124 (ਰਕੂਅ 10/10)

੧੨ - ਸੂਰਤ ਯੂਸੁਫ਼

(ਇਹ ਸੂਰਤ ਹਿਜਰਤ ਤੋਂ ਪਹਿਲਾਂ ਮੱਕੇ ਉਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 112 ਆਇਤਾਂ ਤੇ 12 ਰਕੂਅ ਹਨ)

* ਮੈਂ ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਤੇ ਕਿਰਪਾਲੂ ਹੈ।
* ਯੂਸਫ਼ ਨੇ ਆਪਣੇ ਪਿਤਾ ਨੂੰ ਇਹ ਕਿਹਾ ਸੀ ਕਿ ਹੇ ਮੇਰੇ ਪਿਤਾ। ਮੈਂ ਯਾਰਾਂ ਤਾਰੇ, ਸੂਰਜ ਤੇ ਚੰਦ ਵੇਖੇ ਹਨ। ਮੈਂ ਉਹਨਾਂ ਨੂੰ ਆਪਣੇ ਅੱਗੇ ਸਜਦਾ ਕਰਦੇ ਵੇਖਿਆ ਹੈ। 5
* ਅਤੇ ਉਹ ਦਰਵਾਜ਼ੇ ਵੱਲ ਦੌੜੇ ਤੇ ਉਸ (ਔਰਤ) ਨੇ ਉਸ ਦੇ ਕੁੜਤੇ ਨੂੰ ਪਿਛਲੇ ਪਾਸਿਓਂ ਪਾੜ ਦਿੱਤਾ। 26
* ਸੋ ਜਦ ਉਸ (ਦੇ ਪਤੀ) ਨੇ ਉਸ (ਯੂਸਫ਼) ਦੇ ਕੁੜਤੇ ਨੂੰ ਪਿਛਲੇ ਪਾਸਿਓਂ ਪਾਟਿਆ ਹੋਇਆ ਵੇਖਿਆ, ਤਾਂ ਉਸ ਨੇ (ਆਪਣੀ ਔਰਤ ਨੂੰ) ਇਹ ਕਿਹਾ ਕਿ ਇਹ (ਸਾਰਾ ਝਗੜਾ) ਤੁਹਾਡੇ ਆਪਣੇ ਚਰਿੱਤਰ ਦਾ ਸਿੱਟਾ ਹੈ ਬੇਸ਼ੱਕ ਤੁਹਾਡੇ ਔਰਤਾਂ ਦੇ ਚਰਿੱਤਰ ਵੱਡੇ ਭਾਰੇ ਹੋਇਆ ਕਰਦੇ ਹਨ। 29
* ਮੈਂ ਗੈਰਹਾਜ਼ਰੀ ਵਿੱਚ ਉਸ ਬਾਰੇ ਕੋਈ ਖ਼ਿਆਨਤ ਨਹੀਂ ਕੀਤੀ ਅਤੇ ਖ਼ਿਆਨਤ ਕਰਨ ਵਾਲਿਆਂ ਦੀਆਂ ਗੋਂਦਾ ਨੂੰ ਅੱਲਾਹ ਕਦੇ ਵੀ ਸਫ਼ਲ ਨਹੀਂ ਕਰਦਾ। 53
* ਅਤੇ ਇਸ ਤਰ੍ਹਾਂ ਅਸੀਂ ਯੂਸਫ਼ ਨੂੰ ਉਸ ਦੇਸ਼ ਵਿੱਚ ਇੱਕ ਅਧਿਕਾਰੀ ਪਦਵੀ

ਦਿੱਤੀ ਸੀ। ਉਹ ਜਿੱਥੇ ਚਾਹੁੰਦਾ ਸੀ, ਵਿਚਰਦਾ ਸੀ। ਅਸੀਂ ਜਿਸ ਨੂੰ ਚਾਹੁੰਦੇ ਹਾਂ, ਆਪਣੀ ਮਿਹਰ ਦੇ ਦਿੰਦੇ ਹਾਂ, ਅਸੀਂ ਭਲੇ ਪੁਰਖਾਂ ਦਾ ਫ਼ਲ ਅਜਾਈਂ ਨਹੀਂ ਗੁਆਇਆ ਕਰਦੇ। 57

* ਯੂਸਫ਼ ਦੇ ਭਰਾ ਆਏ ਤੇ ਉਸ ਦੀ ਹਜ਼ੂਰੀ ਵਿੱਚ ਹਾਜ਼ਰ ਹੋਏ। ਉਸ ਨੇ ਉਹਨਾਂ ਨੂੰ ਪਛਾਣ ਲਿਆ, ਪਰ ਉਹ ਉਸ ਨੂੰ ਨਹੀਂ ਪਛਾਣ ਸਕੇ। 59
* ਅੱਲਾਹ ਉਸ ਦਾ ਨਿਗਰਾਨ ਹੈ।67
* ਉਸ ਨੇ ਇਹ ਕਿਹਾ (ਕਿ ਅਸੀਂ) ਉਸ ਵਿਅਕਤੀ ਤੋਂ ਛੁੱਟ ਜਿਸ ਕੋਲੋਂ ਸਾਡਾ ਮਾਲ ਮਿਲਿਆ ਹੈ, ਕਿਸੇ ਹੋਰ ਨੂੰ ਫੜਨ ਤੋਂ ਅੱਲਾਹ ਦੀ ਪਨਾਹ ਮੰਗਦੇ ਹਾਂ। 80 (ਰਕੂਅ-9/3)
* ਹੇ ਮੇਰੇ ਪੁੱਤਰੋ ! ਜਾਉ! ਤੇ (ਜਾ ਕੇ ਯੂਸਖ਼) ਤੋਂ ਉਸ ਦੇ ਭਰਾ ਦੀ ਢੂੰਡ ਕਰੋ ਅਤੇ ਅੱਲਾਹ ਦੀ ਮਿਹਰ ਤੋਂ ਨਿਰਾਸ਼ ਨਾ ਹੋਵੋ। (ਅਸਲ) ਗੱਲ ਇਹੋ ਹੀ ਹੈ ਕਿ ਅੱਲਾਹ ਦੀ ਮਿਹਰ ਤੋਂ ਇਨਕਾਰੀਆਂ ਤੋਂ ਛੁੱਟ ਕੋਈ ਵੀ ਨਿਰਾਸ਼ ਨਹੀਂ ਹੋਇਆ ਕਰਦਾ। 88
* ਸਾਨੂੰ ਕੁੱਝ ਦਾਨ ਵੀ ਦੇ ਦਿਓ। ਬੇਸ਼ੱਕ ਅੱਲਾਹ ਦਾਨੀਆਂ ਨੂੰ ਵੱਡਾ ਵਟਾਂਦਰਾ ਦਿਆ ਕਰਦਾ ਹੈ। 89
* ਅਸਲ ਗੱਲ ਇਹੋ ਹੈ ਕਿ ਜੋ (ਵਿਅਕਤੀ) ਅੱਲਾਹ ਤੋਂ ਡਰਦਾ ਹੈ ਤੇ ਸਬਰ ਕਰਦਾ ਹੈ ਤਾਂ ਅੱਲਾਹ ਪਰਉਪਕਾਰੀਆਂ ਦਾ ਫਲ (ਕਦੇ ਵੀ) ਅਜਾਈਂ ਨਹੀਂ ਗੁਆਉਂਦਾ। 91
* ਹੁਣ ਤੁਹਾਨੂੰ ਕੋਈ ਲਾਨ੍ਹਤਾਨ ਨਹੀਂ ਕੀਤੀ ਜਾਏਗੀ (ਅਤੇ) ਅੱਲਾਹ ਵੀ ਤੁਹਾਨੂੰ ਮਾਫ਼ ਕਰ ਦੇਵੇਗਾ ਤੇ ਉਹ ਸਾਰੇ ਕਿਰਪਾਲੂਆਂ ਤੋਂ ਵੱਡਾ ਕਿਰਪਾ ਨਿਧਾਨ ਹੈ। 93

੧੩ - ਸੂਰਾਤੁਰੱਅਦ

(ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 44 ਆਇਤਾਂ ਤੇ 6 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ ਜੋ ਵੱਡਾ ਦਿਆਲੂ ਤੇ ਕਿਰਪਾਲੂ ਹੈ।1
* ਅੱਲਾਹ ਉਹੋ ਹੈ, ਜਿਸ ਨੇ ਸਾਰੇ ਗਗਨਾਂ ਨੂੰ ਬਿਨਾਂ ਥੰਮਾਂ ਤੋਂ ਖੜਾ ਕੀਤਾ ਹੋਇਆ ਹੈ, ਜਿਹਾ ਕਿ ਤੁਸੀਂ ਵੇਖ ਹੀ ਰਹੇ ਹੋ। ਫਿਰ ਉਹ ਅਰਸ਼ 'ਤੇ ਕਾਇਮ ਹੋਇਆ ਅਤੇ ਸੂਰਜ ਤੇ ਚੰਨ ਉਸ ਨੇ (ਤੁਹਾਡੀ) ਸੇਵਾ ਤੇ ਲਾਏ ਹੋਏ ਹਨ।3

* ਤੇਰੇ ਪਾਸੋਂ ਮੰਗ ਕਰ ਰਹੇ ਹਨ, ਹਾਲਾਂਕਿ ਉਹਨਾਂ ਤੋਂ ਪਹਿਲਾਂ ਸਾਰੇ ਸਬਕ ਦੇਣ ਵਾਲੇ ਅਜ਼ਾਬ ਆ ਚੁੱਕੇ ਹਨ ਅਤੇ ਤੇਰਾ ਰੱਬ ਲੋਕਾਂ ਨੂੰ ਉਹਨਾਂ ਦੇ ਜ਼ੁਲਮਾਂ ਦੇ ਹੁੰਦਿਆਂ ਵੀ ਨਿਰਸੰਦੇਹ ਵੱਡਾ ਬਖ਼ਸ਼ਣਹਾਰ ਤੇ ਵੱਡਾ ਦੰਡ ਦੇਣਹਾਰ ਹੈ। 7
* ਅਜਿਹੇ ਲੋਕ ਜੋ ਅੱਲਾਹ ਦੇ ਪ੍ਰਣ ਨੂੰ ਤੋੜ ਚੜਾਉਂਦੇ ਹਨ ਅਤੇ ਉਸ ਪੱਕੇ ਪ੍ਰਣ ਨੂੰ ਤੋੜਨ ਦਾ ਜਤਨ ਨਹੀਂ ਕਰਦੇ। 21
* ਅਤੇ ਜੋ ਆਪਣੇ ਰੱਬ ਦੀ ਰਜ਼ਾ ਦੀ ਢੂੰਡ ਵਿੱਚ ਦ੍ਰਿੜਤਾ ਤੋਂ ਕੰਮ ਲੈਂਦੇ ਹਨ ਤੇ ਨਮਾਜ਼ ਨੂੰ ਸੋਹਣੇ ਢੰਗ ਨਾਲ ਪੜ੍ਹਦੇ ਰਹਿੰਦੇ ਹਨ। ਸਾਡੇ ਰਾਹ ਖ਼ਰਚ ਕਰਦੇ ਹਨ ਅਤੇ ਜੋ ਬੁਰਾਈ ਨੂੰ ਭਲਾਈ ਦੁਆਰਾ ਦੂਰ ਕਰਦੇ ਹਨ। 23
* ਅੱਲਾਹ ਨੇ ਜੋੜਨ ਦਾ ਹੁਕਮ ਦਿੱਤਾ ਹੈ, ਉਸ ਨੂੰ ਤੋੜਦੇ ਹਨ ਅਤੇ ਦੇਸ਼ ਵਿੱਚ ਫ਼ਸਾਦ ਮਚਾਉਣ ਦਾ ਜਤਨ ਕਰਦੇ ਹਨ, ਉਹਨਾਂ ਉੱਤੇ ਲਾਹਨਤ ਹੈ ਅਤੇ ਉਹਨਾਂ ਵਾਸਤੇ ਭੈੜਾ ਘਰ ਨੀਅਤ ਹੈ। 26
* ਅਤੇ ਜੋ ਲੋਕ ਸ਼ਰਧਾਲੂ ਹਨ ਅਤੇ ਜਿਨ੍ਹਾਂ ਦੇ ਮਨ ਅੱਲਾਹ ਦੀ ਯਾਦ ਨਾਲ ਸ਼ਾਂਤੀ ਪ੍ਰਾਪਤ ਕਰਦੇ ਹਨ। ਸੋ ਸਮਝ ਲਓ ਕਿ ਅੱਲਾਹ ਦੀ ਯਾਦ ਨਾਲ ਹੀ ਮਨ ਦੀ ਸ਼ਾਂਤੀ ਪ੍ਰਾਪਤ ਕਰਦੇ ਹਨ। 29
* ਅਤੇ ਕੀ ਉਹ ਇਹ ਨਹੀਂ ਵੇਖਦੇ ਕਿ ਅਸੀਂ ਦੇਸ਼ ਨੂੰ ਉਸ ਦੇ ਸਾਰੇ ਪਾਸਿਆਂ ਤੋਂ ਘਟਾਉਂਦੇ ਚਲੇ ਆ ਰਹੇ ਹਾਂ ਅਤੇ ਫ਼ੈਸਲਾ ਤਾਂ ਅੱਲਾਹ ਹੀ ਕਰਦਾ ਹੈ, ਉਸ ਦੇ ਫ਼ੈਸਲੇ ਨੂੰ ਕੋਈ ਨਹੀਂ ਟਾਲ ਸਕਦਾ ਅਤੇ ਉਹ ਛੇਤੀ ਹੀ ਲੇਖਾ ਲੈਣ ਵਾਲਾ ਹੈ। 42

੧੪ - ਸੂਰਤ ਇਬਰਾਹੀਮ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 53 ਆਇਤਾਂ ਤੇ 7 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅੱਲਾਹ ਜ਼ਾਲਮਾਂ ਨੂੰ ਨਸ਼ਟ ਕਰ ਦਿੰਦਾ ਹੈ ਤੇ ਅੱਲਾਹ ਜੋ ਚਾਹੁੰਦਾ ਹੈ, ਕਰਦਾ ਹੈ। 28 (ਰਕੂਅ-4/16)

੧੫-ਸੂਰਾਤੁਲ ਹਿਜਰ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ ਮੱਕੇ ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 100 ਆਇਤਾਂ ਤੇ 6 ਰਕੂਅ ਹਨ)

* ਮੈਂ ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ ਜੋ ਵੱਡਾ ਦਿਆਲੂ ਅਤੇ ਕਿਰਪਾਲੂ ਹੈ।
* ਜੋ ਮੇਰੇ ਭਗਤ-ਜਨ ਹਨ, ਉਹਨਾਂ ਉੱਤੇ ਤੇਰਾ ਕਦੇ ਵੀ ਵੱਸ ਨਹੀਂ ਚੱਲੇਗਾ, ਛੁੱਟ ਉਹਨਾਂ ਦੇ, ਜੋ ਤੇਰੇ ਪਿਛਲਗ ਬਣਨ ਅਰਥਾਤ ਕੁਰਾਹੀਏ ਹੋਣ। 43

੧੬- ਸੂਰਾਤੁਨੱਹਲ

(ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 129 ਆਇਤਾਂ ਤੇ 16 ਰਕੂਅ ਹਨ।)

* ਮੈਂ ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ ਜੋ ਵੱਡਾ ਦਿਆਲੂ ਅਤੇ ਕਿਰਪਾਲੂ ਹੈ।
* ਤੁਸੀਂ ਅੱਲਾਹ (ਨਾਲ ਕੀਤੇ) ਆਪਣੇ ਪ੍ਰਣ ਨੂੰ ਜਦ ਕਿ ਤੁਸੀਂ (ਉਸ ਨਾਲ) ਕੋਈ ਪ੍ਰਣ ਕੀਤਾ ਹੋਵੇ, ਪੂਰਾ ਕਰੋ ਅਤੇ ਆਪਣੀਆਂ ਕਸਮਾਂ ਨੂੰ ਪੱਕਾ ਕਰਨ ਦੇ ਮਗਰੋਂ ਜਦ ਕਿ ਤੁਸੀਂ ਅੱਲਾਹ ਨੂੰ ਆਪਣਾ ਜ਼ਾਮਨ ਬਣ ਲਿਆ ਹੋਵੇ, ਕਦੇ ਨਾ ਤੋੜੋ। 92
* ਅਤੇ ਤੁਸੀਂ ਅੱਲਾਹ ਦੇ ਅਹਿਦਾਂ (ਪ੍ਰਣਾਂ) ਦੇ ਵਟਾਂਦਰੇ ਵਿੱਚ ਤੁੱਛ ਮੁੱਲ ਕਦੇ ਨਾ ਲਓ। ਜੇ ਤੁਸੀਂ ਸਿਆਣੇ ਹੋ, ਤਾਂ ਸਮਝ ਜਾਓ ਕਿ ਜੋ ਕੁੱਝ ਅੱਲਾਹ ਕੋਲ ਹੈ, ਉਹ ਨਿਰਸੰਦੇਹ ਤੁਹਾਡੇ ਵਾਸਤੇ ਵਧੀਕ ਚੰਗਾ ਹੈ। 96
* ਸ਼ੈਤਾਨ ਤੋਂ ਬਚਣ ਲਈ ਅੱਲਾਹ ਦੀ ਪਨਾਹ ਮੰਗ। 99
* ਜੋ ਲੋਕ ਮੋਮਨ ਹਨ ਅਤੇ ਆਪਣੇ ਰੱਬ ਤੇ ਭਰੋਸਾ ਰੱਖਦੇ ਹਨ, ਉਹਨਾਂ ਤੇ ਉਸ (ਸ਼ੈਤਾਨ) ਦਾ ਕੋਈ ਵੱਸ ਨਹੀਂ ਚੱਲ ਸਕਦਾ। 100
* ਅੱਲਾਹ ਇਨਕਾਰ ਕਰਨ ਵਾਲਿਆਂ ਨੂੰ ਕਦੇ ਸੁਮਾਰਗ ਵੱਲ ਨਹੀਂ ਲਾਇਆ ਕਰਦਾ। 108
* ਅਤੇ ਜੇ ਤੁਸੀਂ ਕੋਈ ਦੰਡ ਦੇਣ ਲੱਗੋ, ਤਾਂ ਜਿੰਨੀ ਤੁਹਾਡੇ ਉੱਤੇ ਵਧੀਕੀ ਕੀਤੀ ਗਈ ਹੈ, ਤੁਸੀਂ ਉਨ੍ਹਾਂ (ਹੀ) ਦੰਡ ਦੇ ਸਕਦੇ ਹੋ ਅਤੇ ਜੇ ਤੁਸੀਂ ਸਬਰ ਕਰ ਸਕੋ, ਤਾਂ ਸਬਰ ਕਰਨ ਵਾਲਿਆਂ ਦੇ ਹੱਕ ਵਿੱਚ ਇਹ ਵੱਡੀ ਚੰਗੀ ਗੱਲ ਹੋਵੇਗੀ। 127
* ਅਤੇ ਬੇਸ਼ੱਕ ਅੱਲਾਹ ਉਹਨਾਂ ਲੋਕਾਂ ਦੇ ਅੰਗ-ਸੰਗ ਹੁੰਦਾ ਹੈ, ਜੋ ਸੰਜਮੀ ਹੁੰਦੇ ਹਨ ਤੇ ਉਪਕਾਰ ਕਰਦੇ ਹਨ। 129 (ਰਕੂਅ-16/22)

੧੭ - ਸੂਰਤ ਬਨੀ ਇਸਰਾਈਲ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 112 ਆਇਤਾਂ ਤੇ 12 ਰਕੂਅ ਹਨ।)

* ਮੈਂ ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਬੇਸ਼ੱਕ ਇਹ ਕੁਰਾਨ ਉਸ ਵੱਲ ਅਗਵਾਈ ਕਰਦਾ ਹੈ, ਜੋ ਸਭ ਤੋਂ ਵਧੀਕ ਠੀਕ ਹੈ ਅਤੇ ਮੋਮਨਾਂ ਨੂੰ ਜੋ ਸ਼ੁਭ ਕਰਮ ਕਰਦੇ ਹਨ, ਇਹ ਖ਼ੁਸ਼ਖਬਰੀ ਦਿੰਦਾ ਹੈ ਕਿ ਉਹਨਾਂ ਵਾਸਤੇ ਵੱਡਾ ਫਲ ਹੈ। 10
* ਅਤੇ ਮਨੁੱਖ ਬੁਰਾਈ ਨੂੰ ਸੱਦਾ ਦਿੰਦਾ ਹੈ, ਜਿਸ ਜੋਸ਼ ਨਾਲ ਕਿ ਅੱਲਾਹ ਉਸ ਨੂੰ ਭੁਲਾਈ ਵੱਲ ਸੱਦਾ ਦਿੰਦਾ ਹੈ ਅਤੇ ਮਨੁੱਖ ਵੱਡਾ ਹੀ ਕਾਹਲਾ ਹੈ। 12
* ਤੇਰੇ ਰੱਬ ਨੇ ਵੱਡੀ ਕਰੜਾਈ ਨਾਲ ਹੁਕਮ ਦਿੱਤਾ ਹੈ ਕਿ ਤੁਸੀਂ ਉਸ ਤੋਂ ਛੁੱਟ ਕਿਸੇ ਹੋਰ ਦੀ ਇਬਾਦਤ ਨਾ ਕੀਤਾ ਕਰੋ। ਮਾਪਿਆਂ ਨਾਲ ਚੰਗਾ ਵਰਤਾਓ ਕੀਤਾ ਕਰੋ।ਜੇ ਉਹਨਾਂ ਦੋਹਾਂ ਵਿਚੋਂ ਕਿਸੇ ਇਕ ਉੱਤੇ ਜਾਂ ਦੋਹਾਂ ਉੱਤੇ ਤੇਰੇ ਜੀਉਂਦਿਆਂ – ਬੁਢੇਪਾ ਆ ਜਾਏ, ਤਾਂ ਉਹਨਾਂ ਨੂੰ ਉਫ਼ ਵੀ ਨਾ ਆਖਿਆ ਕਰੋ ਅਤੇ ਨਾ ਉਹਨਾਂ ਨੂੰ ਕੋਈ ਝਿੜਕ, ਅਤੇ ਉਹਨਾਂ ਨਾਲ ਨਿਮਰਤਾ ਭਰੀ ਗੱਲ ਕੀਤਾ ਕਰੋ। 24
* ਅਤੇ ਨੇੜੇ ਦੇ ਸੰਬੰਧੀਆਂ, ਨਿਰਧਨਾਂ ਤੇ ਮੁਸਾਫ਼ਰਾਂ ਦੇ ਹੱਕ ਅਦਾ ਕਰਦੇ ਰਿਹਾ ਕਰੋ ਅਤੇ ਫ਼ਜ਼ੂਲ-ਖ਼ਰਚੀ ਕਿਸੇ ਰੰਗ ਵਿਚ ਨਾ ਕੀਤਾ ਕਰੋ।27
* ਫ਼ਜ਼ੂਲ-ਖ਼ਰਚੀ ਕਰਨ ਵਾਲੇ ਲੋਕ ਨਿਰਸੰਦੇਹ ਸ਼ੈਤਾਨ ਦੇ ਭਰਾ ਹੁੰਦੇ ਹਨ। 28
* ਜੋ ਕਦੀ ਮੂੰਹ ਫੇਰੇ, ਉਹਨਾਂ ਨਾਲ ਪ੍ਰੇਮ-ਮਈ ਢੰਗ ਨਾਲ ਬਚਨ-ਬਿਲਾਸ ਕਰਦਾ ਰਹੀਂ। 29
* ਅਤੇ ਤੂੰ ਨਾ ਆਪਣੇ ਹੱਥ ਬੰਨ੍ਹ ਕੇ ਆਪਣੇ ਗੱਲ ਵਿੱਚ ਪਾ ਲੈ ਤਾਂ ਨਾ ਉਹਨਾਂ ਨੂੰ ਉੱਕਾ ਹੀ ਖੋਲ੍ਹਦੇ। ਨਹੀਂ ਤਾਂ, ਤੂੰ ਘ੍ਰਿਣਾ ਦਾ ਨਿਸ਼ਾਨਾ ਬਣ ਕੇ ਥੱਕ ਕੇ ਬੈਠ ਜਵੇਂਗਾ। 30
* ਬੇਸ਼ੱਕ ਤੇਰਾ ਰੱਬ ਖੁਲ੍ਹੀ-ਡੁਲ੍ਹੀ ਰੋਜ਼ੀ ਦਿੰਦਾ ਹੈ ਤੇ ਤੰਗੀ ਦੇ ਦਿੰਦਾ ਹੈ।ਨਿਰੰਸਦੇਹ ਉਹ ਆਪਣੇ ਬੰਦਿਆਂ ਦੇ ਹਾਲ-ਚਾਲ ਦਾ ਜਾਣਨਹਾਰ ਵੇਖਣਹਾਰ ਹੈ। 31 (ਰਕੂਅ – 3/3)
* ਅਤੇ ਤੁਸੀਂ ਗਰੀਬੀ ਤੋਂ ਭੈ-ਭੀਤ ਹੋ ਕੇ ਆਪਣੀ ਬੰਸ ਦਾ ਘਾਤ ਕਦੇ ਨਾ ਕਰਨਾ। ਅਸੀਂ ਹੀ ਰਿਜ਼ਕ ਦਿਆਂਗੇ ਤੇ ਤੁਹਾਨੂੰ ਵੀ। ਉਹਨਾਂ ਦਾ ਘਾਤ ਕਰਨਾ ਨਿਰਸੰਦੇਹ ਭੁੱਲ ਹੈ। 32
* ਅਤੇ ਵਿਭਚਾਰ ਦੇ ਲਾਗੇ ਨਾ ਜਾਓ। ਬੇਸ਼ੱਕ ਉਹ ਇਕ ਸਪੱਸ਼ਟ ਨਿਰਲੱਜਤਾ ਦਾ ਕੰਮ ਹੈ ਅਤੇ ਬਹੁਤ ਹੀ ਭੈੜਾ ਮਾਰਗ ਹੈ। 33

* ਅੱਲਾਹ ਨੇ ਵਿਵਰਜਿਤ ਕੀਤਾ ਹੋਇਆ ਹੈ, ਉਸ ਨੂੰ (ਕਾਨੂੰਨੀ) ਹੱਕ ਪ੍ਰਾਪਤ ਹੋਣ ਤੋਂ ਬਿਨਾਂ ਕਤਲ ਨਾ ਕਰਨਾ। 34
* ਅਤੇ ਤੁਸੀਂ ਉਸ ਢੰਗ ਤੋਂ ਛੁੱਟ ਜੋ ਵਧੇਰੇ ਚੰਗਾ ਹੋਵੇ-ਅਨਾਥ ਦੇ ਧਨ-ਪਦਾਰਥ ਦੇ ਲਾਗੇ ਨਾ ਜਾਓ। ਇੱਥੋਂ ਤੱਕ ਕਿ ਉਹ ਆਪਣੀ ਪੱਕੀ ਆਯੂ ਨੂੰ ਪੁੱਜ ਜਾਣ, ਅਤੇ ਪ੍ਰਣ ਨੂੰ ਪੂਰਾ ਕੀਤਾ ਕਰੋ, ਹਰੇਕ ਪ੍ਰਣ ਬਾਰੇ ਨਿਰਸੰਦੇਹ ਪੁੱਛਗਿਛ ਕੀਤੀ ਜਾਏਗੀ। 35
* ਅਤੇ ਜਦ ਤੁਸੀਂ ਮਿਣ ਕੇ ਦੇਣ ਲੱਗੋ, ਤਾਂ ਮਿਣਤੀ ਪੂਰੀ ਦਿਆ ਕਰੋ ਅਤੇ ਤੱਕੜੀ ਦੀ ਡੰਡੀ ਸਿੱਧੀ ਰੱਖ ਕੇ ਤੋਲਿਆ ਕਰੋ। ਇਹ ਗੱਲ ਸਭ ਨਾਲੋਂ ਚੰਗੀ ਹੈ ਤੇ ਸਿੱਟੇ ਦੇ ਲਿਹਾਜ਼ ਨਾਲ ਵੀ ਵੱਡੀ ਲਾਭਦਾਇਕ ਹੈ। 36
* ਜਿਸ ਗੱਲ ਦਾ ਤੈਨੂੰ ਪਤਾ ਨਾ ਹੋਵੇ, ਉਸ ਦੇ ਪਿੱਛੇ ਨਾ ਲੱਗਿਆ ਕਰ। ਕੰਨ੍ਹ, ਅੱਖ ਤੇ ਦਿਲ, ਇਹਨਾਂ ਸਭਨਾਂ ਬਾਰੇ ਪੁਛਗਿੱਛ ਕੀਤੀ ਜਾਏਗੀ। 37
* ਅਤੇ ਧਰਤੀ ਉੱਤੇ ਆਕੜ ਕੇ ਨਾ ਤੁਰਿਆ ਕਰੋ, ਕਿਉਂਕਿ ਨਾ ਤਾਂ ਇਸ ਤਰ੍ਹਾਂ ਤੂੰ ਦੇਸ਼ ਦਾ ਅੰਤ ਪਾ ਸਕਦਾ ਹੈਂ ਤੇ ਨਾ ਤੂੰ ਸਿਰਕੱਢ ਸਰਦਾਰਾਂ ਦੀ ਉੱਚੀ ਪੱਦਵੀ ਨੂੰ ਪ੍ਰਾਪਤ ਹੋ ਸਕਦਾ ਹੈਂ।38
* ਅੱਲਾਹ ਇਹਨਾਂ (ਮੁਸ਼ਰਿਕਾਂ) ਦੀਆਂ ਸ਼ਿਰਕ ਦੀਆਂ ਗੱਲਾਂ ਤੋਂ ਨਿਰਲਾਮ ਹੈ ਅਤੇ ਅਗਮ-ਅਗੋਚਰ ਹੈ। 44
* ਸੱਤ ਅਕਾਸ਼ ਤੇ ਪਤਾਲ ਅਤੇ ਜੋ ਜੀਅ-ਜੰਤ ਇਹਨਾਂ ਵਿੱਚ ਹਨ, ਉਸੇ ਦਾ ਸਿਮਰਨ ਕਰਦੇ ਹਨ ਅਤੇ ਹਰੇਕ ਚੀਜ਼ ਉਸ ਦੀ ਉਪਮਾਂ ਕਰਦੀ ਹੋਈ ਸਿਮਰਨ ਕਰਦੀ ਹੈ, ਪਰ ਸ਼ੋਂਕ ਕਿ ਤੁਸੀਂ ਉਹਨਾਂ ਦੇ ਸਿਮਰਨ ਨੂੰ ਨਹੀਂ ਸਮਝ ਸਕਦੇ। ਬੇਸ਼ੱਕ ਉਹ ਵੇਖ ਕੇ ਅਣਡਿੱਠ ਕਰਨ ਵਾਲਾ ਬਖ਼ਸ਼ਣਹਾਰ ਹੈ। 45
* ਤੁਹਾਡਾ ਰੱਬ ਤੁਹਾਨੂੰ ਵਧੀਕ ਜਾਣਦਾ ਹੈ। ਜੇ ਉਹ ਚਾਹੇਗਾ, ਤਾਂ ਤੁਹਾਡੇ ਉੱਤੇ ਮਿਹਰ ਕਰੇਗਾ ਤੇ ਜੇ ਉਹ ਚਾਹੇਗਾ, ਤਾਂ ਤੁਹਾਨੂੰ ਅਜ਼ਾਬ ਦੇਵੇਗਾ। 55
* ਅਤੇ ਜੋ ਸੁਪਨਾ ਅਸੀਂ ਤੈਨੂੰ ਵਿਖਾਇਆ ਸੀ, ਉਸ ਨੂੰ ਅਤੇ ਉਸ ਰੁੱਖ ਨੂੰ ਜਿਸ ਨੂੰ ਕੁਰਾਨ ਵਿੱਚ ਫਿਟਕਾਰਿਆ ਹੋਇਆ ਪ੍ਰਗਟ ਕੀਤਾ ਗਿਆ ਹੈ, ਅਸੀਂ ਕੇਵਲ ਲੋਕਾਂ ਵਾਸਤੇ ਪਰਖ ਦਾ ਸਾਧਨ ਬਣਾਇਆ ਹੈ। 61 (ਰਕੂਅ - 6/6)
* ਤੂੰ ਸੂਰਜ ਦੇ ਢੱਲਣ ਤੋਂ ਲੈ ਕੇ ਰਾਤ ਦੇ ਚੰਗੀ ਤਰ੍ਹਾਂ ਅੰਨ੍ਹੇਰੇ ਹੋ ਜਾਣ ਤੱਕ ਨਮਾਜ਼ ਸੁਆਰ ਕੇ ਪੜ੍ਹਿਆ ਕਰ ਅਤੇ ਸਵੇਰ ਵੇਲੇ ਵੀ ਪੜ੍ਹਿਆ ਕਰ। ਸਵੇਰੇ ਵੇਲੇ ਦਾ ਪੜ੍ਹਨਾ ਨਿਰਸੰਦੇਹ ਪਰਵਾਨ ਹੋਣ ਵਾਲਾ ਸ਼ੁਭ ਕਰਮ ਹੈ।79

* ਅਤੇ ਰਾਤ ਸਮੇਂ ਵੀ ਤੂੰ ਇਸ (ਕੁਰਾਨ) ਰਾਹੀਂ ਕੁੱਝ ਸੌ ਲੈਣ ਮਗਰੋਂ ਜਾਗਿਆ ਕਰ। ਇਹ ਤੇਰੇ ਉੱਤੇ ਇਕ ਵਾਧੂ ਇਨਾਮ ਹੈ। 80
* ਅਤੇ ਤੂੰ ਸਾਰੇ ਲੋਕਾਂ ਨੂੰ ਇਹ ਕਹਿਦੇ ਸੱਚ ਪਰਗਟ ਹੋ ਗਿਆ ਹੈ ਤੇ ਝੂਠ ਨੱਠ ਗਿਆ ਹੈ, ਅਤੇ ਝੂਠ ਤਾਂ ਹੀ ਨਠਣਵਾਲਾ। 82
* ਅਤੇ ਇਸ ਕੁਰਾਨ ਨੂੰ ਅਸੀਂ ਸੱਚਾਈ ਨਾਲ ਹੀ ਉਤਾਰਿਆ ਹੈ ਅਤੇ ਇਹ ਸੱਚਾਈ ਨਾਲ ਹੀ ਉਤਰਿਆ ਹੈ ਅਤੇ ਅਸੀਂ ਤੈਨੂੰ ਕੇਵਲ ਖ਼ੁਸ਼ਖਬਰੀ ਦੇਣ ਵਾਲਾ ਅਜ਼ਾਬ ਤੋਂ ਡਰਾਉਣ ਵਾਲਾ (ਰਸੂਲ) ਬਣ ਕੇ ਭੇਜਿਆ ਹੈ। 106
* ਅਤੇ ਅਸੀਂ ਕੁਰਾਨ ਬਣਾਇਆ ਹੈ ਤੇ ਇਸ ਦੇ ਕਈ ਭਾਗ ਬਣਾਏ ਹਨ (ਅਰਥਾਤ ਸੂਰਤਾਂ ਬਣਾਈਆਂ ਹਨ) ਤਾਂ ਜੋ ਤੂੰ ਇਸ ਨੂੰ ਹੌਲੇ ਹੌਲੇ ਲੋਕਾਂ ਨੂੰ ਪੜ੍ਹ ਕੇ ਸੁਣਾ ਸਕੇ ਅਤੇ ਅਸੀਂ ਇਸ ਨੂੰ ਥੋੜ੍ਹਾ ਥੋੜ੍ਹਾ ਕਰ ਕੇ ਉਤਾਰਿਆ ਹੈ। 107
* ਤੂੰ ਇਹ ਆਖ ਭਾਵੇਂ ਤੁਸੀਂ (ਅੱਲਾਹ ਨੂੰ) ਅੱਲਾਹ ਕਹਿ ਕੇ ਯਾਦ ਕਰੋ ਤੇ ਭਾਵੇਂ ਰਹਿਮਾਨ ਕਹਿ ਕੇ, ਜੋ ਨਾਂ ਲੈ ਕੇ ਵੀ ਉਸ ਨੂੰ ਯਾਦ (ਕਰਨਾ) ਚਾਹੋ, (ਕਰ ਸਕਦੇ ਹੋ) ਕਿਉਂ ਜੁ ਸਾਰੇ ਸ਼ੁਭ ਗੁਣ ਉਸੇ ਦੇ ਹੀ ਹਨ ਤੇ ਤੂੰ ਆਪਣੀਆਂ ਦੁਆਵਾਂ ਨਾ ਤਾਂ ਬਹੁਤ ਉੱਚੀ ਆਵਾਜ਼ ਨਾਲ ਕੀਤਾ ਕਰ ਤੇ ਨਾ (ਬਹੁਤ) ਹੌਲੇ, ਸਗੋਂ ਉਸ ਦੇ ਵਿਚਕਾਰਲਾ ਰਾਹ ਧਾਰਨ ਕਰ। 11
* ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ, ਜਿਸ ਦੀ ਕੋਈ ਸੰਤਾਨ ਨਹੀਂ ਅਤੇ ਨਾ ਉਸ ਦੇ ਰਾਜ ਵਿੱਚ ਹੀ ਉਸ ਦਾ ਕੋਈ ਭਾਈਵਾਲ ਹੈ ਅਤੇ ਨਾ ਉਸ ਨੂੰ ਨਿਰਬਲ ਵੇਖ ਕੇ ਕੋਈ ਉਸ ਦਾ ਮਿੱਤਰ ਬਣਦਾ ਹੈ, ਸਗੋਂ ਜਿਹੜਾ ਵੀ ਉਸ ਦਾ ਮਿੱਤਰ ਬਣਦਾ ਹੈ, ਸਗੋਂ ਜਿਹੜਾ ਵੀ ਉਸ ਦਾ ਮਿੱਤਰ ਬਣਦਾ ਹੈ, ਉਸ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਹੀ ਬਣਦਾ ਹੈ। ਤੂੰ ਉਸ ਦੀ ਚੰਗੀ ਤਰ੍ਹਾਂ ਵਡਿਆਈ ਵਰਣਨ ਕਰਿਆ ਕਰ। 112 (ਰਕੂਅ-12/12)

੧੮ - ਸੂਰਾਤੁਲ ਕਹਫ਼

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 111 ਆਇਤਾਂ ਤੇ 12 ਰਕੂਅ ਹਨ)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।
* ਜੋ ਵਿਅਕਤੀ ਅੱਲਾਹ ਉੱਤੇ ਝੂਠ ਘੜਦਾ ਹੈ, ਉਸ ਤੋਂ ਵੱਡਾ ਜ਼ਾਲਮ ਹੋਰ ਕਿਹੜਾ ਹੈ? 16
* ਅਤੇ ਤੂੰ ਕਿਸੇ ਗੱਲ ਬਾਰੇ (ਦਾਅਵੇ ਨਾਲ) ਇਹ ਕਦੇ ਨਾ ਆਖਿਆ ਕਰ

(ਕਿ) ਮੈਂ ਭਲਕੇ ਇਹ (ਕੰਮ) ਜ਼ਰੂਰ ਕਰ ਦਿਆਂਗਾ। 24

* ਅਤੇ ਆਪਣੇ ਆਪ ਨੂੰ ਉਹਨਾਂ ਲੋਕਾਂ ਨਾਲ ਰੱਖ, ਜੋ ਆਪਣੇ ਰੱਬ ਨੂੰ ਉਸ ਦੀ ਪ੍ਰਸੰਨਤਾ ਚਾਹੁੰਦੇ ਹੋਏ - ਸਵੇਰ ਸ਼ਾਮ ਯਾਦ ਕਰਦੇ ਹਨ ਅਤੇ ਤੇਰੀਆਂ ਅੱਖਾਂ ਉਹਨਾਂ ਨੂੰ ਪਿੱਛੇ ਛੱਡ ਕੇ ਅੱਗੇ ਨਾ ਨਿਕਲ ਜਾਣ। 29
* ਬੇਸ਼ੱਕ ਜੋ ਲੋਕ ਮੋਮਨ ਹੋਣਗੇ ਤੇ ਸ਼ੁਭ ਕਰਮ ਕਰਨਗੇ, ਅਤੇ ਜੋ ਸ਼ੁਭ ਕਰਮ ਕਰਦੇ ਹਨ, ਅਸੀਂ ਉਹਨਾਂ ਦਾ ਫਲ ਕਦੇ ਵੀ ਅਜਾਈਂ ਨਹੀਂ ਗੁਆਉਂਦੇ। 31
* ਅਸਲ ਗੱਲ ਤਾਂ ਇਹ ਹੈ ਕਿ ਅੱਲਾਹ ਹੀ ਮੇਰਾ ਰੱਬ ਹੈ ਤੇ ਮੈਂ ਕਿਸੇ ਨੂੰ ਆਪਣੇ ਰੱਬ ਦੀ ਬਰਾਬਰੀ ਨਹੀਂ ਦਿੰਦਾ। 39
* ਅਜਿਹੇ ਸਮੇਂ ਅੱਲਾਹ ਦੀ ਸਹਾਇਤਾ ਹੀ ਹੋਇਆ ਕਰਦੀ ਹੈ, ਜੋ ਸੱਚਾ ਇਸ਼ਟ ਹੈ। 45 (ਰਕੂਅ - 5/17)
* ਇਸ ਤੇ ਉਸ (ਮੂਸਾ) ਨੇ ਇਹ ਕਿਹਾ ਕਿ ਮੈਨੂੰ ਮਾਫ਼ ਕਰ ਦਿਉ, ਕਿਉਂਕਿ ਮੈਂ ਭੁੱਲ ਗਿਆ ਸੀ, ਅਤੇ ਤੁਸੀਂ ਮੇਰੀ ਗੱਲ ਦੇ ਕਾਰਣ ਮੇਰੇ ਉੱਤੇ ਸਖ਼ਤੀ ਨਾ ਕਰੋ। 74
* ਤੂੰ ਉਹਨਾਂ ਨੂੰ ਇਹ ਆਖ ਜੇ ਸਮੁੰਦਰ ਮੇਰੇ ਰੱਬ ਦੇ ਜਸ ਲਈ ਸਿਆਹੀ ਬਣ ਜਾਵੇ ਤਾਂ ਮੇਰੇ ਰੱਬ ਦਾ ਜੱਸ ਮੁੱਕਣ ਤੋਂ ਪਹਿਲਾਂ ਸਮੁੰਦਰ ਸੁੱਕ ਜਾਏਗਾ, ਭਾਵੇਂ ਉਸ ਨੂੰ ਵਧੀਕ ਕਰਨ ਲਈ ਉਨ੍ਹਾਂ (ਹੀ) ਹੋਰ (ਪਾਣੀ-ਸਮੁੰਦਰ ਵਿੱਚ) ਲਿਆ ਕੇ ਪਾ ਦੇਈਏ। 110
* ਮੈਂ ਤੁਹਾਡੇ ਵਰਗਾ ਹੀ ਇੱਕ ਮਨੁੱਖ ਹਾਂ। ਮੇਰੇ ਵੱਲ ਰੱਬੀ ਬਾਣੀ ਉਤਾਰੀ ਜਾਂਦੀ ਹੈ ਕਿ ਤੁਹਾਡਾ ਇਸ਼ਟ ਦੇਵ ਇਕੋ ਇਕ ਇਸ਼ਟ ਹੈ। ਸੋ ਜਿਹੜਾ ਵਿਅਕਤੀ ਆਪਣੇ ਰੱਬ ਨੂੰ ਮਿਲਣ ਦਾ ਚਾਹਵਾਨ ਹੈ, ਉਸ ਨੂੰ ਇਹ ਚਾਹੀਦਾ ਹੈ ਕਿ ਉਹ ਸ਼ੁਭ ਕਰਮ ਕਰੇ ਅਤੇ ਆਪਣੇ ਰੱਬ ਵਿੱਚ ਕਿਸੇ ਹੋਰ ਚੀਜ਼ ਨੂੰ ਸ਼ਰੀਕ ਨਾ ਬਣਾਏ। 111 (ਰਕੂਅ -12/3)

੧੯ - ਸੂਰਤ ਮਰੀਯਮ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 99 ਆਇਤਾਂ ਤੇ 6 ਰਕੂਅ ਹਨ)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਕ੍ਰਿਪਾਲੂ ਅਤੇ ਦਿਆਲੂ ਹੈ।1
* ਉਸ ਵੇਲੇ ਅਸੀਂ ਉਸ ਵੱਲ ਆਪਣੀ ਅਕਾਸ਼ ਬਣੀ ਲਿਆਉਣ ਵਾਲਾ ਫ਼ਰਿਸ਼ਤਾ (ਅਰਥਾਤ ਜਬਰਾਈਲ) ਭੇਜਿਆ ਅਤੇ ਉਹ ਉਸ ਦੇ ਅੱਗੇ ਇੱਕ

ਨਵੇਂ-ਨਰੋਏ ਮਨੁੱਖ ਦੇ ਰੂਪ ਵਿੱਚ ਪਰਗਟ ਹੋਇਆ। 18

* ਜਦ ਉਹਨਾਂ ਦੇ ਸਾਹਮਣੇ ਉਹਨਾਂ ਦੇ ਕਿਰਪਾਲੂ (ਅੱਲਾਹ) ਦੀਆਂ ਆਇਤਾਂ ਪੜ੍ਹੀਆਂ ਜਾਂਦੀਆਂ ਸਨ ਤਾਂ ਉਹ ਸੱਜਦਾ ਕਰਦੇ ਹੋਏ ਤੇ ਰੋਂਦੇ ਹੋਏ (ਧਰਤੀ ਤੇ) ਡਿੱਗ ਪੈਂਦੇ ਸਨ। 59
* ਫਿਰ ਉਹਨਾਂ ਤੋਂ ਮਗਰੋਂ ਇੱਕ ਅਜਿਹੀ ਬੰਸ ਆਈ, ਜਿਸ ਨੇ ਨਮਾਜ਼ਾਂ ਅਜਾਈਂ ਗੁਆ ਦਿੱਤੀਆਂ ਅਤੇ ਆਪਣੀਆਂ ਮਨੋਕਾਮਨਾਵਾਂ ਦੇ ਪਿੱਛੇ ਲੱਗ ਗਏ। ਸੋ ਉਹ ਛੇਤੀ ਹੀ ਕੁਮਾਰਗ ਦੇ ਟਿਕਾਣੇ ਜਾ ਪੁੱਜਣਗੇ। 60

੨੦ - ਸੂਰਤ ਤਾਹਾ

(ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 136 ਆਇਤਾਂ ਤੇ 8 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਨਾਲ ਜੋ ਬੜਾ ਕਿਰਪਾਲੂ ਅਤੇ ਦਿਆਲੂ ਹੈ।
* ਜੋ ਨਿੰਦਾ ਕਰੇਗਾ ਅਤੇ ਬੇਮੁਖ ਹੋ ਜਾਏਗਾ, ਉਸ ਨੂੰ ਵੱਡਾ ਅਜ਼ਾਬ ਪੁੱਜੇਗਾ।49
* ਮੇਰਾ ਰੱਬ ਨਾ ਤਾਂ ਭਟਕਣਹਾਰ ਹੈ ਤੇ ਨਾ ਭੁੱਲਣਹਾਰ ਹੈ। 53
* (ਹਾਰੂਨ ਨੇ) ਇਹ ਕਿਹਾ ਕਿ ਹੇ ਮੇਰੇ ਅੰਮਾ ਜਾਏ ! ਨਾ ਮੇਰੀ ਦਾੜ੍ਹੀ (ਦੇ ਵਾਲ) ਫੜ ਤੇ ਨਾ ਹੀ ਮੇਰੇ ਸਿਰ ਦੇ ਵਾਲ (ਫੜ)। 95
* ਅੱਲਾਹ ਅੱਗੇ ਸਾਰੇ ਹੀ ਵੱਡੇ ਲੋਕ ਸਤਿਕਾਰ ਨਾਲ ਝੁੱਕ ਜਾਣਗੇ ਤੇ ਜੋ ਜ਼ੁਲਮ ਕਮਾਉਂਦਾ ਹੈ ਉਹ ਅਸਫ਼ਲ ਰਹੇਗਾ।112
* ਸੋ ਜੋ ਕੁੱਝ ਇਹ (ਲੋਕ) ਆਖਦੇ ਹਨ, ਤੂੰ ਉਸ ਤੇ ਸਬਰ ਕਰ ਅਤੇ ਸੂਰਜ ਦੇ ਚੜ੍ਹਨ ਤੇ ਉਸ ਦੇ ਡੁੱਬਣ ਤੋਂ ਪਹਿਲਾਂ ਉਸ ਦੀ ਉਪਮਾਂ ਦੇ ਨਾਲ ਨਾਲ ਉਸ ਦਾ ਸਿਮਰਨ ਵੀ ਕੀਤਾ ਕਰ ਅਤੇ ਰਾਤ ਦੇ ਅੱਡ ਸਮਿਆਂ ਤੇ ਦਿਨ ਦੇ ਸਾਰੇ ਹਿੱਸਿਆਂ ਵਿੱਚ ਉਸ ਦਾ ਸਿਮਰਨ ਕੀਤਾ ਕਰ ਤਾਂ ਜੁ ਤੂੰ ਖ਼ੁਸ਼ ਹੋ ਜਾਏ। 131

੨੧ - ਸੂਰਾਤੁਲ ਅੰਬੀਆ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 113 ਆਇਤਾਂ ਤੇ 7 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਕਿਰਪਾਲੂ ਅਤੇ ਦਿਆਲੂ ਹੈ।1
* ਸਾਰੇ ਆਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ, ਸਭ ਉਸੇ ਦਾ ਹੀ ਹੈ। 20

* ਉਹੋ ਅੱਲਾਹ ਹੈ, ਜਿਸ ਨੇ ਰਾਤ ਤੇ ਦਿਨ ਨੂੰ ਅਤੇ ਸੂਰਜ ਤੇ ਚੰਨ ਨੂੰ ਸਾਜਿਆ ਹੈ। ਇਹ ਸਾਰੇ ਹੀ (ਅਕਾਸ਼ੀ ਗ੍ਰਹਿ) ਆਪੋ ਆਪਣੇ ਮੰਡਲਾਂ ਵਿੱਚ ਬੇਰੋਕ ਟੋਕ ਚੱਲ ਰਹੇ ਹਨ। 34

੨੨ - ਸੂਰਾਤੁਲ ਹੱਜ

(ਇਹ ਸੂਰਤ ਹਿਜ਼ਰਤ ਤੋਂ ਮਗਰੋਂ-ਮਦੀਨੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 79 ਆਇਤਾਂ ਤੇ 10 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ ਜੋ ਬੜਾ ਕ੍ਰਿਪਾਲੂ ਅਤੇ ਦਿਆਲੂ ਹੈ।1
* ਅੱਲਾਹ ਆਪਣੇ ਬੰਦਿਆਂ ਉੱਤੇ ਕਦੇ ਵੀ ਕੋਈ ਜ਼ੁਲਮ ਨਹੀਂ ਕਰਦਾ।11 (ਰਕੂਅ - 1/8)
* ਜੋ ਲੋਕ ਇਨਕਾਰੀ (ਕਾਫ਼ਰ) ਹਨ ਅਤੇ ਦੂਜਿਆਂ ਨੂੰ ਅੱਲਾਹ ਦੇ ਮਾਰਗ ਤੋਂ ਤੇ ਉਸ ਤੋਂ ਜਿਸ ਨੂੰ ਅਸੀਂ ਸਾਰੇ ਮਨੁੱਖਾਂ ਦੇ ਭੁੱਲੇ ਲਈ ਸਾਜਿਆ ਹੈ। 26 (ਰਕੂਅ-3/10)
* ਮੇਰੇ ਇਸ ਘਰ ਨੂੰ ਪ੍ਰਕਰਮਾ ਕਰਨਾ ਵਾਲਿਆਂ, ਖੜੇ ਹੋ ਕੇ ਬੰਦਗੀ ਕਰਨ ਵਾਲਿਆ ਲਈ ਤੇ ਝੁਕਣ ਵਾਲਿਆਂ ਲਈ ਤੇ ਸਜਦਾ ਕਰਨ ਵਾਲਿਆਂ ਲਈ ਪਵਿੱਤਰ ਰੱਖਣਾ। 27
* ਅਤੇ ਸਾਰੇ ਲੋਕਾਂ ਵਿੱਚ ਇਹ ਐਲਾਨ ਕਰਦੇ ਕਿ ਉਹ ਹੱਜ ਕਰਨ ਦੀ ਇੱਛਾ ਨਾਲ ਪੈਦਲ ਵੀ ਤੇ ਉਹਨਾਂ ਸਵਾਰੀਆਂ 'ਤੇ ਵੀ ਜੋ ਲੰਮੇ ਸਫ਼ਰ ਦੇ ਕਾਰਣ ਥੱਕ ਗਈਆਂ ਹੋਣ, ਤੇਰੇ ਕੋਲ ਆਇਆ ਕਰਨ, ਦੂਰ-ਦੂਰ ਦੇ ਡੂੰਘੇ ਰਸਤਿਆਂ ਤੋਂ ਹੁੰਦੀਆਂ ਹੋਈਆਂ ਆਉਣਗੀਆਂ। 28
* ਤਾਂ ਜੁ ਉਹ ਉਹਨਾਂ ਲਾਭਾਂ ਨੂੰ ਵੇਖ ਸਕਣ, ਜੋ ਉਹਨਾਂ ਵਾਸਤੇ ਹਨ ਅਤੇ ਕੁੱਝ ਨੀਅਤ ਦਿਨਾਂ ਵਿੱਚ ਅੱਲਾਹ ਦੇ ਉਹਨਾਂ ਉਪਕਾਰਾਂ ਦੇ ਕਾਰਣ ਸਿਮਰਣ ਕਰਨ, ਜੋ ਅਸੀਂ ਉਹਨਾਂ ਉੱਤੇ ਕੀਤੇ ਹਨ। ਆਪ ਵੀ ਖਾਣ ਤੇ ਭੁੱਖੇ - ਨਿਰਧਨਾਂ ਨੂੰ ਵੀ ਖੁਆਉਣਾ। 29
* ਗੱਲ ਇਹ ਹੈ ਕਿ ਜਿਹੜਾ ਵਿਅਕਤੀ ਅੱਲਾਹ ਦੇ ਨੀਅਤ ਕੀਤੇ ਸਤਿਕਾਰ ਯੋਗ ਅਸਥਾਨਾਂ ਦਾ ਸਤਿਕਾਰ ਕਰਦਾ ਹੈ ਤਾਂ ਉਸ ਦੇ ਰੱਬ ਦੇ ਹਜ਼ੂਰ ਉਸ ਦੇ ਵਾਸਤੇ ਵਧੇਰੇ ਚੰਗਾ ਹੁੰਦਾ ਹੈ। ਆਪਣੀ ਬੰਦਗੀ ਤੇ ਆਗਿਆਕਾਰੀ ਕੇਵਲ ਅੱਲਾਹ ਨਾਲ ਸੰਬੰਧਤ ਕਰਦੇ ਹੋਏ, ਝੂਠ ਬੋਲਣ ਤੋਂ ਸਦਾ ਬੱਚਦੇ ਰਹੋ ਅਤੇ ਤੁਸੀਂ ਕਿਸੇ ਵੀ ਚੀਜ਼ ਨੂੰ ਅੱਲਾਹ ਦੀ ਬਰਾਬਰੀ ਨਾ ਦਿਉ। ਜਿਹੜੇ ਵਿਅਕਤੀ ਕਿਸੇ ਚੀਜ਼ ਨੂੰ ਅੱਲਾਹ ਦੀ ਬਰਾਬਰੀ ਦਿੰਦਾ ਹੈ, ਜਾਣੋ ਉਹ

ਅਰਸ਼ ਤੋਂ (ਫ਼ਰਸ਼) ਤੇ ਡਿੱਗ ਪੈਂਦਾ ਹੈ ਅਤੇ ਪੰਛੀ ਉਸ ਨੂੰ ਦਬੋਚ ਕੇ ਲੈ ਜਾਂਦੇ ਹਨ ਅਤੇ ਹਵਾ ਉਸ ਨੂੰ ਕਿਸੇ ਹੋਰ ਥਾਂ ਜਾ ਸੁੱਟਦੀ ਹੈ। 31-32

* ਉਹਨਾਂ ਕੁਰਬਾਨੀਆਂ ਦੇ ਮਾਸ ਤੇ ਲਹੂ ਕਦੇ ਵੀ ਅੱਲਾਹ ਤੱਕ ਨਹੀਂ ਪੁੱਜਦੇ, ਪਰ ਤੁਹਾਡੇ ਮਨ ਦੀ ਸੰਜਮਤਾ ਅੱਲਾਹ ਤੱਕ ਜ਼ਰੂਰ ਪੁੱਜਦੀ ਹੈ। 38
* ਬੇਸ਼ਕ ਅੱਲਾਹ ਕਿਸੇ ਖ਼ਿਆਨਤ ਕਰਨ ਵਾਲੇ ਤੇ ਇਨਕਾਰੀ ਨੂੰ ਪਸੰਦ ਨਹੀਂ ਕਰਦਾ। 39 (ਰਕੂਅ – 5/12)
* ਅਸੀਂ ਹਰੇਕ ਜਾਤੀ ਲਈ ਬੰਦਗੀ ਦੀ ਇਕ ਮਰਯਾਦਾ ਨੀਅਤ ਕੀਤੀ ਹੋਈ ਹੈ। ਉਹ ਉਸੇ ਅਨੁਸਾਰ ਹੀ ਵਰਤਦੀ ਹੈ, ਸੋ ਇਸ ਮਰਯਾਦਾ ਬਾਰੇ ਉਹ ਤੇਰੇ ਨਾਲ ਝਗੜਾ ਨਾ ਕਰਨ। ਬੇਸ਼ੱਕ ਤੂੰ ਸੁਮਾਰਗ ਉੱਤੇ ਚੱਲ ਰਿਹਾ ਹੈਂ।68
* ਜੇ ਉਹ ਤੇਰੇ ਨਾਲ ਬਹਿਸ ਕਰਨ ਤਾਂ ਤੂੰ ਇੰਨਾ ਹੀ ਕਹਿ ਦੇ ਕਿ ਅੱਲਾਹ ਤੁਹਾਡੀਆਂ ਕਰਣੀਆਂ ਦਾ ਜਾਣਨਹਾਰ ਹੈ। 69

੨੩ – ਸੂਰਾਤੁਲ ਮੋਮਿਨੂਨ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 119 ਆਇਤਾਂ ਤੇ 6 ਰਕੂਅ ਹਨ)

* ਮੈਂ ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1
* ਉਹ ਸਫ਼ਲ ਹਨ ਜੋ ਨਮਾਜ਼ਾਂ ਵਿੱਚ ਨਿਮਰਤਾ ਧਾਰਨ ਕਰਦੇ ਹਨ। 3
* ਜੋ ਨਿਗੁਣੀਆਂ ਗੱਲਾਂ ਤੋਂ ਮੂੰਹ ਮੋੜਦੇ ਹਨ।4
* ਅਤੇ ਜੋ ਜ਼ਕਾਤ ਦਿੰਦੇ ਰਹਿੰਦੇ ਹਨ।5
* ਅਤੇ ਜੋ ਆਪਣੇ ਕਾਮ-ਇੰਦਰੀਆਂ ਦੀ ਰਾਖੀ ਕਰਦੇ ਹਨ।6
* ਛੁੱਟ ਆਪਣੀਆਂ ਪਤਨੀਆਂ ਦੇ ਜਾਂ ਜਿਨ੍ਹਾਂ ਦੇ ਮਾਲਕ ਉਹਨਾਂ ਦੇ ਸੱਜੇ ਹੱਥ ਹੁੰਦੇ ਹਨ। ਸੋ ਬੇਸ਼ੱਕ ਉਹਨਾਂ ਦਾ ਕੋਈ ਅਪਮਾਨ ਨਹੀਂ ਕੀਤਾ ਜਾਏਗਾ।7
* ਅਤੇ ਜਿਹੜੇ ਲੋਕ ਇਸ ਤੋਂ ਛੁੱਟ ਕਿਸੇ ਹੋਰ ਗੱਲ ਦੀ ਇੱਛਾ ਕਰਦੇ ਹਨ, ਉਹ ਵਧੀਕੀ ਕਰਨ ਵਾਲੇ ਹੋਣਗੇ। 8
* ਅਤੇ ਉਹ ਲੋਕ ਜੋ ਆਪਣੀਆਂ ਅਮਾਨਤਾਂ ਅਤੇ ਆਪਣੇ ਬਚਨਾਂ ਦਾ ਵੱਡਾ ਧਿਆਨ ਰੱਖਦੇ ਹਨ। 9
* ਅਤੇ ਜੋ ਆਪਣੀਆਂ ਨਮਾਜ਼ਾਂ ਦੀ ਹਿਫ਼ਾਜ਼ਤ ਕਰਦੇ ਰਹਿੰਦੇ ਹਨ। 10
* ਇਹੋ ਲੋਕ ਅਸਲ ਵਾਰਸ ਹਨ।11
* ਅਸੀਂ ਮਨੁੱਖ ਦੀ ਸਾਜਨਾ ਗਿੱਲੀ ਮਿੱਟੀ ਦੇ ਤੱਤ ਤੋਂ ਕੀਤੀ ਹੈ।13

* ਫਿਰ ਉਸ ਨੂੰ ਇੱਕ ਠਹਿਰਣ ਵਾਲੇ ਟਿਕਾਣੇ 'ਤੇ ਵੀਰਜ ਦੇ ਤੌਰ 'ਤੇ ਰੱਖਿਆ। 14
* ਫਿਰ ਉਸ ਵੀਰਜ ਨੂੰ ਉਨਤ ਕਰ ਕੇ ਇੱਕ ਅਜਿਹੀ ਸ਼ਕਲ ਦਿੱਤੀ ਕਿ ਉਹ ਚੰਬੜਨ ਵਾਲੀ ਚੀਜ਼ ਬਣ ਗਈ। ਫਿਰ ਉਸ ਨੂੰ ਮਾਸ ਦੀ ਬੋਟੀ ਬਣਾ ਕੇ ਹੱਡੀਆਂ ਦੇ ਰੂਪ ਵਿੱਚ ਬਦਲ ਦਿੱਤਾ। ਫਿਰ ਉਹਨਾਂ ਹੱਡੀਆਂ ਉੱਤੇ ਅਸੀਂ ਮਾਸ ਚੜ੍ਹਾ ਦਿੱਤਾ ਸੀ। ਫਿਰ ਉਸ ਨੂੰ ਇੱਕ ਹੋਰ ਰੂਪ ਵਿੱਚ ਬਦਲ ਦਿੱਤਾ। ਸੋ ਅੱਲਾਹ ਵੱਡੀਆਂ ਬਰਕਤਾਂ ਵਾਲਾ ਹੈ, ਜੋ ਸਭ ਤੋਂ ਚੰਗਾ ਰਚਨਹਾਰ ਹੈ।15
* ਫਿਰ ਤੁਸੀਂ ਇਸ ਦੇ ਮਗਰੋਂ ਮਰੋਗੇ।16
* ਮੈਂ ਉਹਨਾਂ ਵੱਲ ਸੱਚਾਈ ਲੈ ਕੇ ਆਇਆ ਹਾਂ ਅਤੇ ਉਹਨਾਂ ਵਿਚੋਂ ਵਧੇਰੇ ਲੋਕ ਸੱਚਾਈ ਨੂੰ ਪਸੰਦ ਨਹੀਂ ਕਰਦੇ।17
* ਤੂੰ ਉਹਨਾਂ ਦੀਆਂ ਭੈੜੀਆਂ ਗੱਲਾਂ ਤੂੰ ਅਜਿਹੀਆਂ ਗੱਲਾਂ ਨਾਲ ਦੂਰ ਕਰ, ਜੋ ਅਤਿ ਸੋਹਣੀਆਂ ਹੋਣ। ਅਸੀਂ ਉਹਨਾਂ ਦੀਆਂ ਗੱਲਾਂ ਦੇ ਜਾਣਨਹਾਰ ਹਾਂ। 97
* ਅਤੇ ਜਿਹੜਾ ਵਿਅਕਤੀ ਅੱਲਾਹ ਤੋਂ ਛੁੱਟ ਕਿਸੇ ਹੋਰ ਇਸ਼ਟ ਦੀ ਪੂਜਾ ਕਰਦਾ ਹੈ, ਜਿਸ ਦੀ ਕਿ ਕੋਈ ਵੀ ਦਲੀਲ ਨਹੀਂ, ਤਾਂ ਉਸ ਦਾ ਲੇਖਾ ਉਸ ਦੇ ਰੱਬ ਕੋਲ ਹੈ। ਅਸਲੀਅਤ ਇਹ ਹੈ ਕਿ ਇਨਕਾਰੀ (ਕਾਫ਼ਰ) ਕਦੇ ਵੀ ਸਫ਼ਲ ਨਹੀਂ ਹੋ ਸਕਦੇ। 118

੨੪ - ਸੂਰਤੁ ਨੂੱਰ

(ਇਹ ਸੂਰਤ ਹਿਜ਼ਰਤ ਤੋਂ ਮਗਰੋਂ-ਮਦੀਨੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 65 ਆਇਤਾਂ ਤੇ 9 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1
* ਵਿਭਚਾਰਣ (ਔਰਤ) ਵਿਭਚਾਰੀ (ਮਰਦ) ਨੂੰ ਸੌ ਸੌ ਕੋਰੜੇ ਮਾਰੇ ਜਾਣ। ਇਹਨਾਂ ਦੋਹਾਂ ਤਰ੍ਹਾਂ ਤੇ ਅਪਰਾਧੀਆਂ ਬਾਰੇ ਤੁਹਾਨੂੰ ਕੋਈ ਰਹਿਮ ਨਾ ਆਏ ਅਤੇ ਇਹ ਵੀ ਚਾਹੀਦਾ ਹੈ ਕਿ ਇਹਨਾਂ ਦੋਹਾਂ ਦੇ ਦੰਡ ਨੂੰ ਮੋਮਨਾਂ ਦੀ ਇਕ ਜਮਾਤ ਵੇਖੇ।3
* ਅਤੇ ਜਿਹੜੇ ਲੋਕ ਸਤਿਵੰਤੀਆਂ ਔਰਤਾਂ ਉੱਤੇ ਵਿਭਚਾਰ ਦਾ ਦੋਸ਼ ਲਾਉਂਦੇ ਹਨ ਤੇ ਫਿਰ ਉਹ ਚਾਰ ਗਵਾਹ ਵੀ ਪੇਸ਼ ਨਹੀਂ ਕਰਦੇ, ਤਾਂ ਉਹਨਾਂ ਨੂੰ ਅੱਸੀ

ਕੋਰੜੇ ਲਗਾਓ ਅਤੇ ਉਹਨਾਂ ਦੀ ਗਵਾਹੀ ਕਦੇ ਵੀ ਪਰਵਾਣ ਨਾ ਕਰੋ। 5

* ਜੋ ਅੱਲਾਹ ਦੀ ਕਸਮ ਚੁੱਕ ਕੇ ਚਾਰ ਗਵਾਹੀਆਂ 'ਤੇ ਨਿਰਭਰ ਹੋਵੇ ਤੇ ਉਹ ਇਹ ਕਹੇ ਕਿ ਉਹ ਸੱਚਿਆਂ ਵਿੱਚੋਂ ਹੈ।7
* ਅਤੇ ਪੰਜਵੀਂ (ਗਵਾਹੀ) ਸਮੇਂ ਉਹ ਇਹ ਕਹੇ ਕਿ ਜੇ ਉਹ ਝੂਠਿਆਂ ਵਿੱਚੋਂ ਹੋਵੇ ਤਾਂ ਉਸ 'ਤੇ ਅੱਲਾਹ ਦੀ ਲਾਹਨਤ ਹੋਵੇ। 8
* ਅਤੇ ਪੰਜਵੀਂ (ਵਾਰ) ਇਸ ਤਰ੍ਹਾਂ ਉਸ (ਔਰਤ) ਉੱਤੇ ਅੱਲਾਹ ਦੀ ਕਰੋਪੀ ਹੋਵੇ, ਜੇ ਉਹ ਸੱਚਾ ਹੋਵੇ। 10
* ਜੇ ਤੁਹਾਡੇ ਉੱਤੇ ਅੱਲਾਹ ਦੀ ਕਿਰਪਾ ਤੇ ਮਿਹਰ ਨਾ ਹੁੰਦੀ ਅਤੇ ਇਹ ਨਾ ਹੁੰਦਾ ਕਿ ਅੱਲਾਹ ਵੱਡਾ ਮਿਹਰਬਾਨ ਤੇ ਵੱਡਾ ਯੁਕਤੀਮਾਨ ਹੈ। 11 (ਰਕੂਅ-1/7)
* ਜੇ ਤੁਸੀਂ ਸੱਚੇ ਮੋਮਨ ਹੋ ਤਾਂ ਅੱਲਾਹ ਤੁਹਾਨੂੰ ਇਸ ਕਿਸਮ ਦੀ ਗੱਲ ਮੁੜ ਕਰਨ ਤੋਂ ਸਦਾ ਲਈ ਰੋਕਦਾ ਹੈ। 18
* ਅਤੇ ਅੱਲਾਹ ਤੁਹਾਡੇ ਵਾਸਤੇ ਆਪਣੇ ਹੁਕਮ ਵਿਸਥਾਰ ਨਾਲ ਵਰਣਨ ਕਰਦਾ ਹੈ ਅਤੇ ਅੱਲਾਹ ਹੀ ਵੱਡਾ ਜਾਣਨਹਾਰ ਤੇ ਯੁਕਤੀਮਾਨ ਹੈ। 19
* ਬੇਸ਼ੱਕ ਜਿਨ੍ਹਾਂ ਲੋਕਾਂ ਦੀ ਇਹ ਇੱਛਾ ਹੈ ਕਿ ਮੋਮਨਾਂ ਵਿੱਚ ਬੁਰਾਈ ਪਸਰ ਜਾਏ, ਉਹਨਾਂ ਵਾਸਤੇ ਲੋਕ-ਪਰਲੋਕ ਵਿੱਚ ਵੱਡਾ ਅਜ਼ਾਬ ਹੈ, ਅਤੇ ਅੱਲਾਹ ਵੱਡਾ ਜਾਣਨਹਾਰ ਹੈ ਤੇ ਤੁਹਾਨੂੰ ਕੋਈ ਥਹੁ-ਪਤਾ ਨਹੀਂ।20
* ਹੇ ਮੋਮਨੋ! ਸ਼ੈਤਾਨ ਦੇ ਪੂਰਣਿਆ ਉੱਤੇ ਨਾ ਚਲੋ ਅਤੇ ਜਿਹੜਾ ਵੀ ਸ਼ੈਤਾਨ ਦੇ ਪੂਰਣਿਆਂ 'ਤੋਂ ਚੱਲੇਗਾ, ਉਹ ਨਿਰਸੰਦੇਹ ਜਾਣ ਲਏ ਕਿ ਸ਼ੈਤਾਨ ਕੁਕਰਮਾਂ ਤੇ ਅਯੋਗ ਗੱਲਾਂ ਦੀ ਪ੍ਰੇਰਨਾ ਹੀ ਦੇਵੇਗਾ ਅਤੇ ਜੇ ਤੁਹਾਡੇ ਉੱਤੇ ਅੱਲਾਹ ਦੀ ਕਿਰਪਾ ਤੇ ਮਿਹਰ ਨਾ ਹੁੰਦੀ, ਤਾਂ ਤੁਹਾਡੇ ਵਿਚੋਂ ਕੋਈ ਵੀ ਸੁਸ਼ੀਲ ਨਾ ਹੁੰਦਾ, ਪਰ ਅੱਲਾਹ ਜਿਸ ਨੂੰ ਯੋਗ ਸਮਝਦਾ ਹੈ, ਸੁਸ਼ੀਲ ਬਣਾ ਦਿੰਦਾ ਹੈ ਅਤੇ ਅੱਲਾਹ ਬਹੁਤ ਸੁਣਨਹਾਰ ਤੇ ਜਾਣਨਹਾਰ ਹੈ।22
* ਬੇਸ਼ੱਕ ਜੋ ਲੋਕ ਸਤਿਵੰਤੀਆਂ ਤੇ ਬੇਖ਼ਬਰ ਮੋਮਨ ਔਰਤਾਂ 'ਤੇ ਝੂਠੀਆਂ ਊਜਾਂ ਲਾਉਂਦੇ ਹਨ, ਉਹਨਾਂ ਉੱਤੇ ਲੋਕ-ਪਰਲੋਕ ਵਿੱਚ ਅੱਲਾਹ ਦੀ ਲਾਹਨਤ ਹੈ ਅਤੇ ਉਹਨਾਂ ਵਾਸਤੇ ਵੱਡਾ ਅਜ਼ਾਬ ਹੈ। 24
* ਕੁਚੀਲ ਗੱਲਾਂ ਕੁਚੀਲ ਮਰਦਾਂ ਵਾਸਤੇ ਹਨ ਤੇ ਕੁਚੀਲ ਮਰਦਾਂ ਕੁਚੀਲ ਗੱਲਾਂ ਵਾਸਤੇ ਹਨ ਅਤੇ ਸੁਸ਼ੀਲ ਗੱਲਾਂ ਸੁਸ਼ੀਲ ਮਰਦਾਂ ਵਾਸਤੇ ਹਨ ਤੇ ਸੁਸ਼ੀਲ ਮਰਦ ਸੁਸ਼ੀਲ ਗੱਲਾਂ ਵਾਸਤੇ ਹਨ। 27 (ਰਕੂਅ-3/9)
* ਹੇ ਮੋਮਨੋ! ਆਪਣੇ ਘਰਾਂ ਤੋਂ ਛੁੱਟ ਦੂਜੇ ਲੋਕਾਂ ਦੇ ਘਰਾਂ ਵਿੱਚ ਆਗਿਆ

ਪ੍ਰਾਪਤ ਕੀਤੇ ਬਿਨਾਂ ਕਦੇ ਨਾ ਜਾਇਆ ਕਰੋ ਅਤੇ ਅੰਦਰ ਵੜਨ ਲੱਗਿਆਂ ਉਹਨਾਂ ਘਰਾਂ ਦੇ ਵਸਨੀਕਾਂ ਨੂੰ ਸਲਾਮ ਕਿਹਾ ਕਰੋ। 28

* ਜੇ ਤੁਸੀਂ ਉਹਨਾਂ ਘਰਾਂ ਵਿੱਚ ਕਿਸੇ ਨੂੰ ਨਾ ਦੇਖੋ, ਤਾਂ ਵੀ ਉਹਨਾਂ ਵਿੱਚ ਆਗਿਆ ਪ੍ਰਾਪਤ ਕੀਤੇ ਬਿਨਾਂ ਅੰਦਰ ਨਾ ਵੜੋ ਅਤੇ ਜੇ ਤੇ ਤੁਹਾਨੂੰ ਇਹ ਕਿਹਾ ਜਾਏ ਕਿ ਇਸ ਵੇਲੇ ਚਲੇ ਰਜਾਓ ਤਾਂ ਤੁਸੀਂ ਚਲੇ ਜਾਇਆ ਕਰੋ। ਇਹ ਤੁਹਾਡੇ ਲਈ ਵਧੇਰੇ ਸ਼ੋਭਨੀਕ ਗੱਲ ਹੈ, ਅਤੇ ਅੱਲਾਹ ਤੁਹਾਡੇ ਕਰਮਾਂ ਦਾ ਜਾਣਨਹਾਰ ਹੈ। 29

* ਤੁਹਾਡੇ ਸਿਰ ਉਹਨਾਂ ਘਰਾਂ ਵਿੱਚ ਜਾਣ ਦਾ ਕੋਈ ਦੋਸ਼ ਨਹੀਂ, ਜਿਨ੍ਹਾਂ ਵਿੱਚ ਕੋਈ ਨਹੀਂ ਵੱਸਦਾ ਤੇ ਤੁਹਾਡਾ ਸਾਮਾਨ ਉਹਨਾਂ ਵਿੱਚ ਪਿਆ ਹੈ। ਅੱਲਾਹ ਉਸ ਦਾ ਜਾਣਨਹਾਰ ਹੈ, ਜੋ ਤੁਸੀਂ ਪਰਗਟ ਕਰਦੇ ਜਾਂ ਲੁਕਾਉਂਦੇ ਹੋ। 30

* ਤੂੰ ਮੋਮਨ ਮਰਦਾਂ ਨੂੰ ਇਹ ਕਹਿ ਦੇ ਕਿ ਉਹ ਵੀ ਆਪਣੀਆਂ ਅੱਖਾਂ ਨੀਵੀਆਂ ਰੱਖਿਆ ਕਰਨ ਤੇ ਆਪਣੇ ਇੰਦਰੀਆਂ ਦੀ ਵੀ ਰਾਖੀ ਕੀਤਾ ਕਰਨ। ਇਹ ਉਹਨਾਂ ਲਈ ਵਧੇਰੇ ਸ਼ੋਭਨੀਕ ਗੱਲ ਹੈ। ਜੋ ਕੁੱਝ ਉਹ ਕਰਦੇ ਹਨ, ਅੱਲਾਹ ਉਸ ਤੋਂ ਚੰਗੀ ਤਰ੍ਹਾਂ ਖ਼ਬਰਦਾਰ ਹੈ। 31

* ਅਤੇ ਤੂੰ ਮੋਮਨ ਔਰਤਾਂ ਨੂੰ ਵੀ ਇਹ ਕਹਿ ਦੇ ਕਿ ਉਹ ਵੀ ਆਪਣੀਆਂ ਅੱਖਾਂ ਨੀਵੀਆਂ ਰੱਖਿਆ ਕਰਨ ਤੇ ਆਪਣੀਆਂ ਇੰਦਰੀਆਂ ਦੀ ਰਾਖੀ ਕੀਤਾ ਕਰਨ, ਅਤੇ ਹਾਰ-ਸ਼ਿੰਗਾਰ ਨੂੰ ਪਰਗਟ ਨਾ ਕਰਿਆ ਕਰਨ, ਛੁੱਟ ਇਸ ਦੇ ਕਿ ਜੋ ਸੁਭਾਵਿਕ ਤੌਰ ਤੇ ਆਪਣੇ ਆਪ ਹੀ ਪਰਗਟ ਹੋ ਜਾਏ ਅਤੇ ਆਪਣੇ ਦੁੱਪਟੇ ਆਪਣੀਆਂ ਛਾਤੀਆਂ ਉਤੋਂ ਦੀ ਦੇ ਕੇ ਉਹਨਾਂ ਨੂੰ ਢੱਕ ਲਿਆ ਕਰਨ ਅਤੇ ਆਪਣੇ ਹਾਰ-ਸ਼ਿੰਗਾਰ ਨੂੰ ਕੇਵਲ ਆਪਣੇ ਪਤੀਆ, ਜਾਂ ਆਪਣੇ ਬਾਪਾਂ, ਜਾਂ ਆਪਣੇ ਸਹੁਰਿਆਂ, ਜਾਂ ਆਪਣੇ ਪੁੱਤਰਾਂ ਜਾਂ ਆਪਣੇ ਪਤੀਆਂ ਦੇ ਪੁੱਤਰਾਂ ਜਾਂ ਆਪਣੇ ਭਰਾਵਾਂ ਜਾਂ ਆਪਣੇ ਭਰਾਵਾਂ ਦੇ ਪੁੱਤਰਾਂ ਜਾਂ ਆਪਣੀਆਂ ਭੈਣਾਂ ਦੇ ਪੁੱਤਰਾਂ ਜਾਂ ਔਰਤਾਂ ਜਾਂ ਦਾਸੀਆਂ ਤੋਂ ਛੁੱਟ ਕਿਸੇ ਹੋਰ ਅੱਗੇ ਪਰਗਟ ਨਾ ਕਰਿਆ ਕਰਨ, ਅਤੇ ਅਜਿਹੇ ਅਧੀਨ ਮਰਦਾਂ ਅੱਗੇ, ਜੋ ਅੱਜੇ ਗੱਭਰੂ ਨਹੀਂ ਹੋਏ, ਜਾਂ ਅਜਿਹੇ ਬਾਲਕਾਂ ਅੱਗੇ ਜਿਨ੍ਹਾਂ ਨੂੰ ਅਜੇ ਔਰਤਾਂ ਦੇ ਖ਼ਾਸ ਸੰਬੰਧ ਦਾ ਕੋਈ ਥਹੁ-ਪਤਾ ਨਹੀਂ। ਇਸ ਤੋਂ ਛੁੱਟ ਉਸ ਸਮੇਂ ਆਪਣੇ ਪੈਰ ਇਸ ਲਈ ਨਾ ਮਾਰਿਆ ਕਰਨ ਕਿ ਉਹ ਚੀਜ਼ ਪਰਗਟ ਹੋ ਜਾਏ, ਜਿਸ ਨੂੰ ਉਹ ਆਪਣੇ ਹਾਰ-ਸ਼ਿੰਗਾਰ ਵਿਚੋਂ ਲੁਕਾ ਰਹੀਆਂ ਹਨ ਅਤੇ ਹੇ ਸ਼ਰਧਾਲੂਓ! ਤੁਸੀਂ ਸਾਰੇ ਹੀ ਅੱਲਾਹ ਵੱਲ ਧਿਆਨ ਦਿਆ ਕਰੋ, ਤਾਂ ਜੁ ਤੁਸੀਂ ਸਫ਼ਲ ਹੋ ਸਕੋ। 32

* ਅਤੇ ਤੁਹਾਡੇ ਵਿੱਚੋਂ ਜੋ ਵਿਧਵਾ ਔਰਤਾਂ ਹਨ ਤੇ ਜੋ ਤੁਹਾਡੇ ਗੁਲਾਮਾਂ ਵਿੱਚੋਂ ਜਾਂ ਦਾਸੀਆਂ ਵਿੱਚੋਂ ਭਲੇ ਹੋਣ, ਉਹਨਾਂ ਦਾ ਵਿਆਹ ਕਰ ਦਿਆ ਕਰੋ। 33
* ਕੀ ਤੂੰ ਇਹ ਵੇਖਦਾ ਨਹੀਂ ਕਿ ਅੱਲਾਹ ਉਹ ਹੈ, ਜੋ ਕੁੱਝ ਅਕਾਸ਼ਾਂ ਤੇ ਧਰਤੀ ਦੇ ਵਿੱਚ ਹੈ, ਉਸ ਦੀ ਉਪਮਾ ਕਰ ਰਿਹਾ ਹੈ ਅਤੇ ਪੰਛੀ ਵੀ ਪਾਲਾਂ ਬੰਨ੍ਹੀ ਉਸ ਦੇ ਹਜ਼ੂਰ ਖੜੇ ਹਨ? ਉਹਨਾਂ ਵਿੱਚੋਂ ਹਰੇਕ ਆਪਣੀ ਨਮਾਜ਼ ਤੇ ਆਪਣੀ ਤਸਬੀਹ (ਸਿਫ਼ਤ-ਸਾਲਾਹ) ਨੂੰ ਜਾਣਦਾ ਹੈ ਅਤੇ ਜੋ ਕੁੱਝ ਉਹ ਕਰਦੇ ਹਨ, ਅੱਲਾਹ ਉਸ ਦਾ ਵੱਡਾ ਜਾਣਨਹਾਰ ਹੈ। 42
* ਅਤੇ ਸਾਰੇ ਅਕਾਸ਼ਾਂ ਤੇ ਧਰਤੀ ਦੀ ਪਾਤਸ਼ਾਹ ਅੱਲਾਹ ਦੀ ਹੀ ਹੈ ਤੇ ਸਾਰਿਆਂ ਨੇ ਅੱਲਾਹ ਦੇ ਹਜ਼ੂਰ ਹੀ ਪਰਤਣਾ ਹੈ। 43
* ਅਤੇ ਤੁਸੀਂ ਸਾਰੇ ਹੀ ਨਮਾਜ਼ ਪੜ੍ਹਦੇ ਰਿਹਾ ਕਰੋ ਤੇ ਜ਼ਕਾਤ ਦਿੰਦੇ ਰਿਹਾ ਕਰੋ। 58
* ਅਤੇ ਜਦ ਤੁਹਾਡੇ ਬਾਲਕ ਗੱਭਰੂ ਹੋ ਜਾਣ, ਤਾਂ ਜ਼ਰੂਰੀ ਹੈ ਕਿ ਉਹ ਵੀ ਆਗਿਆ ਪ੍ਰਾਪਤ ਕਰ ਲਿਆ ਕਰਨ। 60
* ਕਿਸੇ ਅੰਨ੍ਹੇ ਲਈ, ਲੰਗੜੇ ਲਈ, ਰੋਗੀ ਲਈ ਤੇ ਤੁਹਾਡੇ ਲਈ ਆਪਣੇ ਘਰਾਂ ਤੋਂ, ਜਾਂ ਪਿਓ-ਦਾਦਿਆਂ ਦੇ ਘਰਾਂ ਤੋਂ ਜਾਂ ਆਪਣੀਆਂ ਮਾਵਾਂ ਦੇ ਘਰੋਂ ਤੋਂ, ਜਾਂ ਆਪਣੇ ਭਰਾਵਾਂ ਦੇ ਘਰਾਂ ਤੋਂ ਜਾਂ ਆਪਣੀਆਂ ਭੈਣਾਂ ਦੇ ਘਰਾਂ ਤੋਂ, ਜਾਂ ਆਪਣੇ ਚਾਚਿਆਂ ਦੇ ਘਰਾਂ ਤੋਂ, ਜਾਂ ਆਪਣੀਆਂ ਫੁਫੀਆਂ ਦੇ ਘਰਾਂ ਤੋਂ, ਜਾਂ ਆਪਣੇ ਮਾਮਿਆਂ ਦੇ ਘਰਾਂ ਤੋਂ, ਜਾਂ ਆਪਣੀਆਂ ਮਾਸੀਆਂ ਦੇ ਘਰਾਂ ਤੋਂ, ਜਾਂ ਜਿਨ੍ਹਾਂ ਦੇ ਸਾਮਾਨ ਦੇ ਤੁਸੀਂ ਪ੍ਰਬੰਧਕ ਨੀਅਤ ਹੋ, ਜਾਂ ਆਪਣੇ ਸੱਜਣਾਂ-ਮਿੱਤਰਾਂ ਦੇ ਘਰਾਂ ਤੋਂ ਕੋਈ ਚੀਜ਼ ਲੈ ਕੇ ਖਾਣੀ ਅਯੋਗ ਨਹੀਂ। ਤੁਹਾਡੇ ਸਿਰ ਇਸ ਦਾ ਵੀ ਕੋਈ ਦੋਸ਼ ਨਹੀਂ ਕਿ ਤੁਸੀਂ ਸਾਰੇ ਰਲ ਕੇ ਜਾਂ ਅੱਡ ਅੱਡ ਖਾਓ। ਸੋ ਜਦ ਤੁਸੀਂ ਘਰਾਂ ਵਿੱਚ ਜਾਣ ਲੱਗੋ, ਤਾਂ ਆਪਣੇ ਸੱਜਣਾਂ-ਮਿੱਤਰਾਂ ਜਾਂ ਸੰਬੰਧੀਆਂ ਨੂੰ ਸਲਾਮ ਕਰ ਲਿਆ ਕਰੋ। ਇਹ ਅੱਲਾਹ ਵੱਲੋਂ ਇੱਕ ਵੱਡੀ ਬਰਕਤ ਵਾਲੀ ਤੇ ਪਵਿੱਤਰ ਦੁਆ ਹੈ। 62 (ਰਕੂਅ-8/14)
* ਕੇਵਲ ਉਹੋ ਲੋਕ (ਸੱਚੇ) ਮੋਮਨ ਕਹਾਉਣ ਦੇ ਅਧਿਕਾਰੀ ਹਨ, ਜੋ ਅੱਲਾਹ ਤੇ ਉਸ ਦੇ ਰਸੂਲ ਤੇ ਇਮਾਨ ਰੱਖਦੇ ਹਨ ਅਤੇ ਜ਼ਦ ਕਿਸੇ ਕੌਮੀ ਕੰਮ ਵਾਸਤੇ ਉਸ ਦੇ ਕੋਲ ਬੈਠੇ ਹੋਣ, ਤਾਂ ਆਗਿਆ ਪ੍ਰਾਪਤ ਕੀਤੇ ਬਿਨਾਂ ਉੱਠ ਕੇ ਨਹੀਂ ਜਾਂਦੇ। ਉਹ ਲੋਕ ਜੋ ਆਗਿਆ ਲੈ ਕੇ ਜਾਂਦੇ ਹਨ, ਉਹੋ ਅੱਲਾਹ ਤੇ ਉਸ ਦੇ ਰਸੂਲ ਤੇ ਇਮਾਨ ਰੱਖਦੇ ਹਨ। 63

੨੫ - ਸੂਰਾਤੁਲ ਫ਼ੁਰਕਾਨ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 78 ਆਇਤਾਂ ਤੇ 6 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅੱਲਾਹ ਬਹੁਤ ਬਰਕਤ ਵਾਲਾ ਹੈ, ਜਿਸ ਨੇ ਇਹ ਫ਼ੁਰਮਾਨ ਆਪਣੇ ਬੰਦੇ ਉੱਤੇ ਉਤਾਰਿਆ ਹੈ, ਤਾਂ ਜੁ ਉਹ ਸਾਰੇ ਜਹਾਨਾਂ ਨੂੰ ਖ਼ਬਰਦਾਰ ਕਰ ਸਕੇ।2
* ਕੀ ਤੂੰ ਇਹ ਸਮਝਦਾ ਹੈ ਕਿ ਉਹਨਾਂ ਵਿੱਚੋਂ ਵਧੇਰੇ ਲੋਕ ਸੁਣਦੇ ਜਾਂ ਸਮਝਦੇ ਹਨ? ਉਹ ਤਾਂ ਕੇਵਲ ਪਸ਼ੂਆਂ ਸਮਾਨ ਹਨ, ਸਗੋਂ ਉਹਨਾਂ ਤੋਂ ਵੀ ਹੀਣੇ ਹਨ। 45 (ਰਕੂਅ-4/2)
* ਅਤੇ ਉਹੋ (ਅੱਲਾਹ) ਹੀ ਹੈ, ਜੋ ਹਵਾਵਾਂ ਨੂੰ ਆਪਣੀ ਮਿਹਰ (ਮੀਂਹ) ਤੋਂ ਪਹਿਲਾਂ ਖ਼ੁਸ਼ਖ਼ਬਰੀ ਦੇਣ ਲਈ ਭੇਜਿਆ ਕਰਦਾ ਹੈ, ਅਤੇ ਅਸੀਂ ਬੱਦਲਾਂ ਰਾਹੀਂ ਸਾਫ਼-ਸੁਥਰਾ ਮੀਂਹ ਵਰ੍ਹਾਉਂਦੇ ਹਾਂ। 49
* ਦਿਆਲੂ ਅੱਲਾਹ ਦੇ ਸੱਚੇ ਬੰਦੇ ਉਹ ਲੋਕ ਹੁੰਦੇ ਹਨ, ਜੋ ਧਰਤੀ ਤੇ ਆਰਾਮ ਨਾਲ ਤੁਰਦੇ ਹਨ ਅਤੇ ਜਦ ਮੂਰਖ ਉਹਨਾਂ ਨਾਲ ਸੰਬੋਧਨ ਹੁੰਦੇ ਹਨ ਤਾਂ ਉਹ ਇਹ ਕਹਿੰਦੇ ਹਨ ਕਿ ਅਸੀਂ ਤੁਹਾਡੇ ਲਈ ਸਲਾਮਤੀ ਦੀ ਦੁਆ ਕਰਦੇ ਹਾਂ। 64
* ਅਤੇ ਉਹ ਲੋਕ ਅਜਿਹੇ ਹੁੰਦੇ ਹਨ ਕਿ ਅੱਲਾਹ ਤੋਂ ਛੁੱਟੇ ਕਿਸੇ ਹੋਰ ਇਸ਼ਟ ਦੀ ਪੂਜਾ ਨਹੀਂ ਕਰਦੇ ਤੇ ਨਾ ਕਿਸੇ ਜਿੰਦ ਨੂੰ - ਜਿਸ ਦਾ ਮਾਰਨਾ ਅੱਲਾਹ ਨੇ ਹਰਾਮ ਕੀਤਾ ਹੋਇਆ ਹੈ।69
* ਕਿਆਮਤ ਦੇ ਦਿਨ ਉਸ ਲਈ ਵਧੇਰੇ ਅਜ਼ਾਬ ਤਿਆਰ ਕੀਤਾ ਜਾਏਗਾ ਤੇ ਉਹ ਉਸ ਵਿੱਚ ਹੀਣਾ ਹੋ ਕੇ ਹੀ ਰਹੇਗਾ। 70
* ਅਤੇ ਜੋ ਵਿਅਕਤੀ ਪਸਚਾਤਾਪ ਕਰਕੇ ਸ਼ੁਭ ਕਰਮ ਕਰਦਾ ਹੈ, ਉਹੋ ਹੀ ਅੱਲਾਹ ਵੱਲ ਸੱਚੇ ਦਿਲੋਂ ਆਉਂਦਾ ਹੈ। 72

੨੬ -ਸੂਰਾਤੁਲ ਸ਼ੁੱਅਰਾ

(ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 228 ਆਇਤਾਂ ਤੇ 11 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

* ਅਤੇ ਜਦ ਕਿ ਤੇਰੇ ਰੱਬ ਨੇ 'ਮੂਸਾ' ਨੂੰ ਅਵਾਜ਼ ਦੇ ਕੇ ਇਹ ਕਿਹਾ ਸੀ ਕਿ ਤੂੰ ਜ਼ਾਲਮਾਂ ਦੀ ਕੌਮ ਵੱਲ ਜਾ। 11
* ਉਸ ਨੇ ਉੱਤਰ ਵਿੱਚ ਇਹ ਕਿਹਾ ਕਿ ਹੇ ਮੇਰੇ ਰੱਬ ! ਮੈਨੂੰ ਇਸ ਗੱਲ ਦਾ ਬਹੁਤ ਖੌਫ਼ ਹੈ ਕਿ ਉਹ ਮੈਨੂੰ ਨਾ ਝੁਠਲਾਉਣਾ। 13
* ਅਤੇ ਉਹਨਾਂ ਲੋਕਾਂ ਦਾ ਮੇਰੇ ਸਿਰ ਇਕ ਦੋਸ਼ ਵੀ ਹੈ ਤੇ ਮੈਨੂੰ ਵੱਡਾ ਖੌਫ਼ ਹੈ ਕਿ ਉਹ ਮੈਨੂੰ ਕਤਲ ਨਾ ਕਰ ਦੇਣ। 15
* ਸੋ ਤੁਸੀਂ ਅੱਲਾਹ ਤੋਂ ਸਦਾ ਡਰਦੇ ਰਹੋ ਤੇ ਮੇਰੀ ਆਗਿਆ ਦਾ ਪਾਲਨ ਕਰਦੇ ਰਹੋ। 151
* ਜੋ ਦੇਸ਼ ਵਿੱਚ ਫ਼ਸਾਦ ਮਚਾਉਂਦੇ ਹਨ ਅਤੇ ਸੁਧਾਰ ਵੱਲ ਧਿਆਨ ਨਹੀਂ ਦਿੰਦੇ, ਉਹਨਾਂ ਦੀ ਗੱਲਾਂ ਨਾ ਮੰਨੋ। 153
* ਗਿਣਤੀ ਪੂਰੀ ਕੀਤਾ ਕਰੋ ਤੇ (ਦੂਜਿਆਂ ਨੂੰ) ਹਾਣ ਪਹੁੰਚਾਉਣ ਵਾਲੇ ਨਾ ਬਣੋ। 182
* ਅਤੇ ਸਿੱਧੀ ਡੰਡੀ ਰੱਖ ਕੇ ਤੋਲਿਆ ਕਰੋ। 183
* ਅਤੇ ਲੋਕਾਂ ਨੂੰ ਉਹਨਾਂ ਦੀਆਂ ਚੀਜ਼ਾਂ ਘੱਟ ਨਾ ਦਿਆ ਕਰੋ ਤੇ ਦੇਸ਼ ਵਿੱਚ ਕਦੇ ਵੀ ਫ਼ਸਾਦ ਨਾ ਮਚਾਇਆ ਕਰੋ। 184
* ਅਤੇ ਬੇਸ਼ਕ ਇਹ (ਕੁਰਾਨ) ਸਾਰੇ ਜਹਾਨਾਂ ਦੇ ਰੱਬ ਵੱਲੋਂ ਉਤਾਰਿਆ ਗਿਆ ਹੈ। 193
* ਇਹ ਇਸ ਲਈ ਕੀਤਾ ਗਿਆ ਕਿ ਉਹਨਾਂ ਨੂੰ ਉਪਦੇਸ਼ ਕੀਤਾ ਜਾ ਸਕੇ ਤੇ ਅਸੀਂ ਜ਼ਾਲਮ ਨਹੀਂ ਹਾਂ। 210
* ਕੀ ਮੈਂ ਤੁਹਾਨੂੰ ਇਹ ਦੱਸਾਂ ਕਿ 'ਸ਼ੈਤਾਨ' ਕਿਸ 'ਤੇ ਉਤਰਿਆ ਕਰਦੇ ਹਨ? 222
* (ਉਹ) ਹਰੇਕ ਝੂਠ ਤੇ ਪਾਪੀ ਉਤੇ ਹੀ ਉਤਰਿਆ ਕਰਦੇ ਹਨ। 223
* ਅਤੇ ਕਵੀਆਂ ਦੀ ਸ਼੍ਰੇਣੀ ਅਜਿਹੀ ਹੁੰਦੀ ਹੈ ਕਿ ਉਹਨਾਂ ਦੇ ਪਿੱਛਲਗ ਕੁਰਾਹੀਏ ਹੀ ਹੁੰਦੇ ਹਨ। 225
* ਛੁੱਟ (ਉਹਨਾਂ ਕਵੀਆਂ ਵਿੱਚੋਂ) ਮੋਮਨਾਂ ਤੇ ਯਥਾਯੋਗ ਸ਼ੁਭ ਕਰਮ ਕਰਨ ਵਾਲਿਆਂ ਤੇ ਉਹਨਾਂ ਦੇ ਜੋ ਆਪਣੀ ਕਵਿਤਾ ਵਿੱਚ ਅੱਲਾਹ ਦਾ ਵਧੇਰੇ ਸਿਮਰਣ ਕਰਦੇ ਹਨ ਤਾਂ ਪਹਿਲ ਨਹੀਂ ਕਰਦੇ, ਸਗੋਂ ਮਜ਼ਲੂਮ ਹੋਣ ਮਗਰੋਂ ਬਦਲਾ ਲੈਂਦੇ ਹਨ ਅਤੇ ਜ਼ਾਲਮ ਲੋਕ ਜ਼ਰੂਰ ਜਾਣ ਲੈਣਗੇ ਕਿ ਉਹ ਕਿਹੜੇ ਟਿਕਾਣੇ ਵੱਲ ਪਰਤ ਕੇ ਜਾਣਗੇ। 228? (ਰਕੂਅ-11/15)

੨੭ - ਸੂਰਾਤੁ ਨੱਮਲ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 94 ਆਇਤਾਂ ਤੇ 7 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ (ਅਸੀਂ) 'ਲੂਤ' ਨੂੰ (ਵੀ) ਰਸੂਲ ਬਣਾ ਕੇ ਭੇਜਿਆ, ਜਦ ਕਿ ਉਸ ਨੇ ਆਪਣੀ ਕੌਮ ਨੂੰ ਇਹ ਕਿਹਾ ਕਿ ਤੁਸੀਂ ਜਾਣਦੇ ਬੁਝਦੇ ਹੋਏ ਕਿਉਂ ਵਿਭਚਾਰ ਕਰਦੇ ਹੋ?। 55

੨੮ - ਸੂਰਾਤੁਲ ਕਸਸ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸੇਣ 89 ਆਇਤਾਂ ਤੇ 9 ਰਕੂਅ ਹਨ)

* ਮੈਂ ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।
* ਬੇਸ਼ਕ 'ਫਿਰਔਨ' ਨੇ ਦੇਸ਼ ਵਿੱਚ ਵੱਡੀ ਆਕੜ ਤੋਂ ਕੰਮ ਲਿਆ ਸੀ। ਅਤੇ ਉਹ ਉਹਨਾਂ ਵਿਚੋਂ ਇੱਕ ਧੜੇ ਨੂੰ ਨਿਰਬਲ ਕਰਨਾ ਚਾਹੁੰਦਾ ਸੀ ਇਸ ਤਰ੍ਹਾਂ ਕਿ ਉਹਨਾਂ ਦੇ ਪੁੱਤਰਾਂ ਨੂੰ ਮਾਰ ਦਿੰਦਾ ਸੀ ਤੇ ਉਹਨਾਂ ਦੀਆਂ ਧੀਆਂ ਨੂੰ ਜ਼ਿੰਦਾ ਰਹਿਣ ਦਿੰਦਾ ਸੀ ਅਤੇ ਉਹ ਨਿਰਸੰਦੇਹ ਵੱਡੇ ਫਸਾਦੀਆਂ ਵਿਚੋਂ ਸੀ।5
* ਉਹਨਾਂ ਉੱਤੇ ਉਪਕਾਰ ਕਰੀਏ ਤੇ ਉਹਨਾਂ ਨੂੰ ਸਰਦਾਰ ਬਣਾ ਦੇਈਏ, ਅਤੇ ਉਹਨਾਂ ਨੂੰ ਵਾਰਸ ਬਣਾ ਦੇਈਏ।6
* ਇਸ ਤਰ੍ਹਾਂ ਅਸੀਂ ਉਸ (ਮੂਸਾ) ਨੂੰ ਉਸ ਦੀ ਮਾਂ ਵੱਲ ਪਰਤਾ ਦਿੱਤਾ, ਤਾਂ ਜੁ ਉਸ ਦੀਆਂ ਅੱਖਾਂ ਠੰਢੀਆਂ ਰਹਿਣ ਅਤੇ ਉਹ ਕੋਈ ਚਿੰਤਾਂ ਨਾ ਕਰੇ ਅਤੇ ਉਹ ਇਹ ਜਾਣ ਲਏ ਕਿ ਅੱਲਾਹ ਦਾ ਬਚਨ ਪੂਰਾ ਹੋ ਕੇ ਰਹਿੰਦਾ ਹੈ। 14 (ਰਕੂਅ- 1/4)
* ਅਤੇ ਜਦ ਉਹ ਆਪਣੀ ਭਰ ਜੁਆਨੀ ਨੂੰ ਪੁੱਜਾ ਤੇ ਦ੍ਰਿੜ ਹੋ ਗਿਆ ਤਾਂ ਅਸੀਂ ਉਸ ਨੂੰ ਯੁਕਤੀਆਂ ਤੇ ਗਿਆਨ ਬਖ਼ਸ਼ਿਆ ਅਤੇ ਅਸੀਂ ਪਰਉਪਕਾਰੀਆਂ ਨੂੰ ਅਜਿਹਾ ਹੀ ਬਦਲਾ ਦਿਆ ਕਰਦੇ ਹਾਂ। 15
* ਅਤੇ ਉਸ ਸਮੇਂ ਇੱਕ ਬੰਦਾ ਉਸ ਨਗਰ ਦੇ ਦੂਰ ਵੱਲੋਂ ਨਸੱਦਾ ਹੋਇਆ ਆਇਆ ਤੇ ਉਸ ਨੇ ਇਹ ਕਿਹਾ ਕਿ ਹੇ 'ਮੂਸਾ' ਸਰਦਾਰ ਇਹ ਸਲਾਹ-ਮਸ਼ਵਰ ਕਰ ਰਹੇ ਹਨ ਕਿ ਤੈਨੂੰ ਕਤਲ ਕਰ ਦਿੱਤਾ ਜਾਏ। ਸੋ ਤੂੰ

ਇਸ ਨਗਰ ਵਿਚੋਂ ਚਲਾ ਜਾ। ਮੈਂ ਤੇਰੇ ਸ਼ੁਭ ਚਿੰਤਕਾਂ ਵਿਚੋਂ ਹਾਂ। 21

* ਤਾਂ ਉਹ ਖੌਫ਼ ਸਦਕਾ ਉਸ ਨਗਰ ਵਿਚੋਂ ਚਲਾ ਗਿਆ ਅਤੇ ਉਹ ਬਹੁਤ ਹੁਸ਼ਿਆਰੀ ਨਾਲ ਇੱਧਰ-ਉੱਧਰ ਵੇਖਦਾ ਜਾਂਦਾ ਸੀ। ਉਸ ਸਮੇਂ ਉਸ ਨੇ ਇਹ ਦੁਆ ਵੀ ਕੀਤੀ ਕਿ ਹੇ ਮੇਰੇ ਰੱਬ ! ਮੈਨੂੰ ਜ਼ਾਲਮ ਕੌਮ ਤੋਂ ਛੁਟਕਾਰਾ ਦੁਆ। 22 (ਰਕੂਅ – 2/5)
* ਤੂੰ ਜਿਸ ਨੂੰ ਜਾਹੇ ਸੁਮਾਰਗ ਵੱਲ ਨਹੀਂ ਲਾ ਸਕਦਾ ਹਾਂ ਅੱਲਾਹ ਜਿਸ ਨੂੰ ਚਾਹੇ ਸੁਮਾਰਗ ਵੱਲ ਲਾ ਦਿੰਦਾ ਹੈ। ਉਹ ਸੁਮਾਰਗ ਵੱਲ ਲੱਗਣ ਵਾਲਿਆਂ ਦਾ ਵੱਡਾ ਜਾਣਨਹਾਰ ਹੈ। 57
* ਅਸੀਂ ਕਿਸੇ ਨਗਰੀ ਨੂੰ ਕਦੇ ਵੀ ਨਸ਼ਟ ਨਹੀਂ ਕਰਦੇ, ਜਦ ਤੱਕ ਕਿ ਉਸ ਦੇ ਵਸਨੀਕ ਜ਼ਾਲਮ ਨਾ ਬਣ ਜਾਣ। 60

੨੯ – ਸੂਰਾਤੁਲ ਅਨਕਬੂਤ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 70 ਆਇਤਾਂ ਤੇ 7 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।
* ਜੋ ਲੋਕ ਕੁਕਰਮ ਕਰਦੇ ਹਨ, ਉਹ ਇਹ ਖਿਆਲ ਕਰਦੇ ਹਨ ਕਿ ਉਹ ਸਾਡੇ ਦੰਡ ਤੋਂ ਬੱਚ ਜਾਣਗੇ? ਉਹਨਾਂ ਦਾ ਫ਼ੈਸਲਾ ਬਹੁਤ ਹੀ ਭੈੜਾ ਹੈ।5
* ਅੱਲਾਹ ਤਾਂ ਸਾਰੇ ਜਹਾਨਾਂ ਤੋਂ ਬੇਪਰਵਾਹ ਹੈ।7
* ਉਹ (ਅੱਲਾਹ) ਜਿਸ ਨੂੰ ਚਾਹੁੰਦਾ ਹੈ, ਅਜ਼ਾਬ ਦਿੰਦਾ ਹੈ ਤੇ ਜਿਸ ’ਤੇ ਚਾਹੁੰਦਾ ਹੈ, ਮਿਹਰ ਕਰਦਾ ਹੈ। 22
* ਅੱਲਾਹ ਨੇ ਅਕਾਸ਼ਾਂ ਤੇ ਧਰਤੀ ਨੂੰ ਕਿਸੇ ਖ਼ਾਸ ਮਨੋਰਥ ਲਈ ਪੈਦਾ ਕੀਤਾ ਹੈ। 45 (ਰਕੂਅ – 4/16)
* ਉਹਨਾਂ ਮੋਮਨਾਂ ਦਾ, ਜੋ ਡੱਟੇ ਰਹਿੰਦੇ ਹਨ ਤੇ ਆਪਣੇ ਰੱਬ ਉੱਤੇ ਹੀ ਭਰੋਸਾ ਕਰਦੇ ਹਨ। 60
* ਅੱਲਾਹ ਹੀ ਆਪਣੇ ਬੰਦਿਆਂ ਵਿਚੋਂ ਜਿਸ ਨੂੰ ਯੋਗ ਸਮਝਦਾ ਹੈ, ਖੁਲ੍ਹਾ-ਡੁੱਲ੍ਹਾ ਰਿਜ਼ਕ ਦਿੰਦਾ ਹੇ ਤੇ ਜਿਸ ਨੂੰ ਯੋਗ ਸਮਝਦਾ ਹੈ, ਨੰਗ-ਭੁੱਖ ਦਿੰਦਾ ਹੈ। 63

੩੦ – ਸੂਰਾਤੁ ਰੂੱਮ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 61 ਆਇਤਾਂ ਤੇ 6 ਰਕੂਅ ਹਨ)

* ਸ਼ੁਰੂ ਅਲਾਹ ਦੇ ਨਾਂ ਤੋਂ ਜੋ ਬੜਾ ਕ੍ਰਿਪਾਲੂ ਅਤੇ ਦਿਆਲੂ ਹੈ। 1
* ਕੀ ਉਹਨਾਂ ਨੇ ਆਪਣੇ ਮਨਾਂ ਵਿਚ ਕਦੇ ਇਹ ਵੀਚਾਰ ਨਹੀਂ ਕੀਤਾ ਕਿ ਸਾਰੇ ਅਕਾਸ਼ਾਂ ਤੇ ਧਰਤੀ ਤੇ ਜੋ ਕੁੱਝ ਉਹਨਾਂ ਵਿਚਾਲੇ ਹੈ, ਅੱਲਾਹ ਨੇ ਕਿਸੇ ਮਨੋਰਥ ਲਈ ਨੀਅਤ ਸਮੇਂ ਵਾਸਤੇ ਸਾਜਿਆ ਹੈ, ਪਰ ਲੋਕਾਂ ਵਿੱਚੋਂ ਵਧੇਰੇ ਆਪਣੇ ਰੱਬ ਦੀ ਮੁਲਾਕਾਤ ਦੇ ਇਨਕਾਰੀ ਹਨ। 9
* ਕੀ ਉਹਨਾਂ ਨੇ ਧਰਤੀ ਦਾ ਰਟਨ ਕਰ ਕੇ ਇਹ ਨਹੀਂ ਵੇਖਿਆ ਕਿ ਉਹਨਾਂ ਤੋਂ ਪਹਿਲਾਂ ਜੋ ਲੋਕ ਸਨ, ਉਹਨਾਂ ਦਾ ਕਿਹਾ ਅੰਤ ਹੋਇਆ? ਉਹ ਇਹਨਾਂ ਤੋਂ ਵਧੇਰੇ ਬਲਵਾਨ ਸਨ ਤੇ ਉਹਨਾਂ ਨੇ ਧਰਤੀ ਨੂੰ ਚੰਗੀ ਤਰ੍ਹਾਂ ਪੁੱਟਿਆ ਸੀ ਅਤੇ ਉਸ ਨੂੰ ਇਸ ਤੋਂ ਵਧੇਰੇ ਆਬਾਦ ਕੀਤਾ ਸੀ। 10
* ਸੋ ਤੁਸੀਂ ਅੱਲਾਹ ਦੀ ਤਸਬੀ ਕਰਦੇ ਰਿਹਾ ਕਰੋ। ਜਦ ਤੁਸੀਂ ਸ਼ਾਮ ਕਰੋ ਜਾਂ ਸਵੇਰ ਕਰੋ। 18
* ਅਤੇ ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਉਸੇ ਦੀ ਉਪਮਾ ਹੋ ਰਹੀ ਹੈ। ਤੁਸੀਂ ਦੁਪਹਿਰ ਤੋਂ ਮਗਰੋਂ ਵੀ ਉਸ ਦਾ ਸਿਮਰਨ ਕਰਦੇ ਰਿਹਾ ਕਰੋ ਅਤੇ ਇਸ ਤਰ੍ਹਾਂ ਦੁਪਹਿਰ ਦੇ ਸਮੇਂ ਵੀ। 19

੩੧ - ਸੂਰਤ ਲੁਕਮਾਨ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 35 ਆਇਤਾਂ ਤੇ 4 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ ਜੋ ਬੜਾ ਕ੍ਰਿਪਾਲੂ ਅਤੇ ਦਿਆਲੂ ਹੈ। 1
* ਉਹ ਲੋਕ ਜੋ ਨਮਾਜ਼ ਨੂੰ ਸਦਾ ਪੜ੍ਹਦੇ ਰਹਿੰਦੇ ਹਨ ਤੇ ਜ਼ਕਾਤ ਦਿੰਦੇ ਰਹਿੰਦੇ ਹਨ, ਅਤੇ ਪਰਲੋਕ ਦੇ ਜੀਵਨ ਉੱਤੇ ਵਿਸ਼ਵਾਸ਼ ਰੱਖਦੇ ਹਨ। 5
* ਧਰਤੀ 'ਤੇ ਆਕੜ ਕੇ ਨਾ ਤੁਰਿਆ ਕਰ। 19
* ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ। ਅੱਲਾਹ ਦਾ ਹੀ ਹੈ। ਬੇਸ਼ਕ ਅੱਲਾਹ ਹੀ ਉਹ ਹੈ ਜੋ ਬੇਪਰਵਾਹ ਹੈ। 27
* ਅੱਲਾਹ ਹੀ ਸਤਿ ਤੇ ਸਦਾ ਸਲਾਮਤਿ ਹੈ। 31 (ਰਕੂਅ-3/12)

੩੨ - ਸੂਰਾਤੁ ਸੱਜਦਹ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 31 ਆਇਤਾਂ ਤੇ 3 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1

* ਤੁਹਾਡੇ ਉਸ ਅੱਲਾਹ ਤੋਂ ਛੁੱਟ ਨਾ ਕੋਈ ਸੱਚਾ ਮਿੱਤਰ ਹੈ ਤੇ ਨਾ ਕੋਈ ਸਫ਼ਾਰਸ਼ੀ ਹੀ ਹੈ।5
* ਉਸ ਨੂੰ ਪੂਰਨ ਬੱਲ ਦਿੱਤਾ ਤੇ ਉਸ ਵਿੱਚ ਆਪਣੀ ਰੂਹ ਫੂਕੀ ਸੀ ਅਤੇ ਤੁਹਾਡੇ ਲਈ ਕੰਨ, ਅੱਖਾਂ ਤੇ ਦਿਲ ਬਣਾਏ ਹਨ, ਪਰ ਤੁਸੀਂ ਉੱਕਾ ਹੀ ਧੰਨਵਾਦ ਨਹੀਂ ਕਰਦੇ।10
* ਤੂੰ ਉਹਨਾਂ ਨੂੰ ਇਹ ਕਹਿ ਦੇ ਕਿ ਉਹ ਜਮਦੂਤ - ਜੋ ਤੁਹਾਡੇ ਵਾਸਤੇ ਨੀਅਤ ਕੀਤਾ ਗਿਆ ਹੈ - ਜ਼ਰੂਰ ਤੁਹਾਡੀ ਜਿੰਦ ਕੱਢੇਗਾ। ਫਿਰ ਤੁਸੀਂ ਆਪਣੇ ਰੱਬ ਦੀ ਹਜ਼ੂਰੀ ਪਰਤਾਏ ਜਾਓਗੇ। 12 (ਰਕੂਅ - 1/14)
* ਆਪਣੇ ਰੱਬ ਨੂੰ ਉਸ ਦੇ ਅਜ਼ਾਬ ਤੋਂ ਬਚਣ ਲਈ ਤੇ ਉਸ ਦੀਆਂ ਮਿਹਰਾਂ ਨੂੰ ਪ੍ਰਾਪਤ ਕਰਨ ਲਈ, ਸਿਮਰਦੇ ਹਨ, ਅਤੇ ਜੋ ਕੁੱਝ ਅਸੀਂ ਉਹਨਾਂ ਨੂੰ ਦਿੱਤਾ ਹੈ, ਉਸ ਵਿੱਚੋਂ ਅੱਲਾਹ ਦੇ ਲੇਖੇ ਖ਼ਰਚ ਕਰਦੇ ਰਹਿੰਦੇ ਹਨ। 17

੩੩- ਸੂਰਾਤੁਲ ਅਹਜ਼ਾਬ

(ਇਹ ਸੂਰਤ ਹਿਜਰਤ ਤੋਂ ਮਗਰੋਂ ਮਦੀਨੇ ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 74 ਆਇਤਾਂ ਤੇ 9 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1
* ਅਤੇ ਤੂੰ ਅੱਲਾਹ ਉੱਤੇ ਹੀ ਭਰੋਸਾ ਕਰਿਆ ਕਰ। 4
* ਹੇ ਮੋਮਨੋ! ਅੱਲਾਹ ਦਾ ਸਿਮਰਣ ਬਹੁਤ ਹੀ ਕਰਦੇ ਰਿਹਾ ਕਰੋ।42
* ਅਤੇ ਸਵੇਰੇ ਤੇ ਸ਼ਾਮ ਉਸ ਦਾ ਸਿਮਰਨ ਕਰਿਆ ਕਰੋ। 43
* ਹੇ ਮੋਮਨੋ!ਤੁਸੀਂ ਸਦਾ ਅੱਲਾਹ ਤੋਂ ਹੀ ਡਰਦੇ ਰਿਹਾ ਕਰੋ। 71

੩੪ - ਸੂਰਤ ਸਬਾ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ।ਇਸ ਦੀਆਂ ਬਿਸਮਿੱਲਾ ਸਣੇ 55 ਆਇਤਾਂ ਤੇ 6 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ। 2

੩੫ - ਸੂਰਤ ਫ਼ਾਤਿਰ

(ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 46 ਆਇਤਾਂ ਤੇ 5 ਰਕੂਅ ਹਨ।)

- ✱ ਮੈਂ ਸ਼ੁਰੂ ਅੱਲਾਹ ਦੇ ਨਾਂ ਤੋਂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
- ✱ ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ। 2
- ✱ ਹੇ ਲੋਕੋ ! ਅੱਲਾਹ ਦਾ ਵਾਅਦਾ ਸੱਚਾ ਹੈ।6
- ✱ ਉਹ ਰਾਤ ਨੂੰ ਦਿਨ ਵਿੱਚ ਤੇ ਦਿਨ ਨੂੰ ਰਾਤ ਵਿੱਚ ਬਦਲਦਾ ਰਹਿੰਦਾ ਹੈ, ਅਤੇ ਸੂਰਜ ਤੇ ਚੰਨ ਨੂੰ ਉਸ ਨੇ ਸੇਵਾ ਵਿੱਚ ਲਾਇਆ ਹੋਇਆ ਹੈ, ਉਹਨਾਂ ਵਿੱਚ ਹਰੇਕ ਇਕ ਨੀਅਤ ਸਮੇਂ ਤੱਕ ਚੱਕਰ ਲਾਉਂਦੇ ਰਹਿੰਦੇ ਹਨ, ਇਹ ਅੱਲਾਹ ਤੁਹਾਡਾ ਰੱਬ ਹੈ। ਉਸੇ ਦੀ ਹੀ ਪਾਤਸ਼ਾਹੀ ਹੈ। 14
- ✱ ਅਤੇ ਨਾ ਅੰਧਕਾਰ ਤੇ ਪ੍ਰਕਾਸ਼ (ਇਕੋ ਜਿਹੇ ਹੋ ਸਕਦੇ ਹਨ।)21
- ✱ ਅਤੇ ਨਾ ਪ੍ਰਛਾਵਾਂ ਤੇ ਧੁੱਪ (ਇਕੋ ਜਿਹੇ ਹੋ ਸਕਦੇ ਹਨ।)22
- ✱ ਅਤੇ ਲੋਕਾਂ, ਪਸ਼ੂਆਂ ਤੇ ਪੰਛੀਆਂ ਵਿੱਚੋਂ ਵੀ ਕਈ ਅਜਿਹੇ ਹੁੰਦੇ ਹਨ ਕਿ ਉਹਨਾਂ ਵਿਚੋਂ ਹਰੇਕ ਦਾ ਰੰਗ ਦੂਜੇ ਨਾਲੋਂ ਵੱਖਰਾ ਹੁੰਦਾ ਹੈ। ਅਸਲੀਅਤ ਇਸੇ ਤਰ੍ਹਾਂ ਹੀ ਹੈ ਕਿ ਅੱਲਾਹ ਦੇ ਬੰਦਿਆਂ ਵਿੱਚੋਂ ਕੇਵਲ ਗਿਆਨੀ ਜਨ ਹੀ ਉਸ ਤੋਂ ਡਰਦੇ ਰਹਿੰਦੇ ਹਨ।29
- ✱ ਉਹ (ਅੱਲਾਹ) ਜਿਸ ਨੇ ਆਪਣੀ ਕ੍ਰਿਪਾ ਨਾਲ ਸਾਨੂੰ ਇਕ ਅਜਿਹੀ ਥਾਂ ਨਿਵਾਸ ਦਿੱਤਾ ਹੈ, ਜਿਸ ਵਿੱਚ ਨਾ ਸਾਨੂੰ ਕੋਈ ਦੁੱਖ ਪੁੱਜਦਾ ਹੈ ਤੇ ਨਾ ਕੋਈ ਥਕਾਵਟ ਹੀ ਹੁੰਦੀ ਹੈ। 36
- ✱ ਨਿਰਸੰਦੇਹ ਅੱਲਾਹ ਸਾਰੇ ਅਕਾਸ਼ਾਂ ਤੇ ਧਰਤੀ ਦੀਆਂ ਗੁਪਤ ਗੱਲਾਂ ਦਾ ਜਾਣਨਹਾਰ ਹੈ। ਉਹ ਘੱਟ-ਘੱਟ ਦਾ ਵੀ ਵੱਡਾ ਜਾਣਨਹਾਰ ਹੈ। 39
- ✱ ਅਤੇ ਜੇ ਅੱਲਾਹ ਲੋਕਾਂ ਨੂੰ ਉਹਨਾਂ ਦੇ ਅਮਲਾਂ ਕਰਕੇ ਫੜਨਾ ਸ਼ੁਰੂ ਕਰ ਦਿੰਦਾ ਤਾਂ ਸਾਰੇ ਬ੍ਰਹਿਮੰਡ ਵਿੱਚ ਕਿਸੇ ਵੀ ਜੀਵ ਨੂੰ ਨਾ ਛੱਡਦਾ, ਪਰ ਉਹ ਉਹਨਾਂ ਨੂੰ ਕਿਸੇ ਸਮੇਂ ਤੱਕ ਢਿੱਲ ਦਿੰਦਾ ਹੈ।46 (ਰਕੂਅ- 5/17)

੩੬ - ਸੂਰਤ ਯਾਸੀਨ

(ਇਹ ਸੂਰਤ ਹਿਜ਼ਰਤ ਤੋਂ ਪਹਿਲਾਂ-ਮੱਕੇ-ਉੱਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ 84 ਆਇਤਾਂ ਤੇ 5 ਰਕੂਅ ਹਨ)

- ✱ ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

* ਉਹਨਾਂ ਨੇ ਇਹ ਕਿਹਾ ਕਿ ਤੁਹਾਡੀਆਂ ਕਰਣੀਆਂ ਤਾਂ ਤੁਹਾਡੇ ਨਾਲ ਹਨ, ਜਿੱਥੇ ਵੀ ਜਾਓਗੇ ਤੁਹਾਨੂੰ ਆਪਣੀਆਂ ਕਰਣੀਆਂ ਭਰਨੀਆਂ ਪੈਣਗੀਆਂ। 20
* ਅਤੇ ਮੈਨੂੰ ਕੀ ਹੋ ਗਿਆ ਹੈ ਕਿ ਮੈਂ ਉਸ (ਅੱਲਾਹ) ਦੀ ਬੰਦਗੀ ਨਾ ਕਰਾਂ, ਜਿਸ ਨੇ ਮੈਨੂੰ ਪੈਦਾ ਕੀਤਾ ਹੈ? 23
* ਅਤੇ ਕੇਵਲ ਮੇਰੀ ਹੀ ਇਬਾਦਤ ਕਰਦੇ ਰਹਿਣਾ, ਇਹੋ ਸਿੱਧਾ ਮਾਰਗ ਹੈ। 62
* ਕੀ ਉਹ (ਅੱਲਾਹ) ਜਿਸ ਨੇ ਸਾਰੇ ਅਕਾਸ਼ ਤੇ ਧਰਤੀ ਸਾਜੇ ਹਨ, ਇਸ ਗੱਲ ਤੇ ਸਮੱਰਥ ਨਹੀ ਕਿ ਉਹਨਾਂ ਜਿਹੀ ਹੋਰ ਰਚਨਾ ਰਚਾ ਦੇਵੇ। 82
* ਸੋ ਉਹ (ਅੱਲਾਹ) ਪਾਕ ਹੈ। ਉਸ ਦੀ ਕੁਦਰਤ ਵਿੱਚ ਹਰੇਕ ਚੀਜ਼ ਦੀ ਪਾਤਸ਼ਾਹ ਹੈ। 84 (ਰਕੂਅ - 5/4)

੩੭ - ਸੂਰਾਤੁ ਸਾਫ਼ਾਤ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 183 ਆਇਤਾਂ ਤੇ 5 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਤੇ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਬੇਸ਼ਕ ਤੁਹਾਡਾ ਇਸ਼ਟ ਇਕ ਹੀ ਹੈ। 5
* ਉਹ ਸਾਰੇ ਅਕਾਸ਼ਾਂ ਤੇ ਧਰਤੀ ਦਾ ਅਤੇ ਜੋ ਕੁੱਝ ਉਹਨਾਂ ਦੋਹਾਂ ਵਿਚਾਲੇ ਹੈ, ਉਸ ਦਾ ਵੀ ਰੱਬ ਹੈ।6
* ਅਸੀਂ ਇਸ ਲੋਕ ਦੇ ਅਕਾਸ਼ ਨੂੰ ਤਾਰਿਆਂ ਨਾਲ ਸਜਾਇਆ ਹੋਇਆ ਹੈ। 7
* ਅਤੇ ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ, ਜੋ ਸਾਰੇ ਜਹਾਨਾਂ ਦਾ ਰੱਬ ਹੈ। 183 (ਰਕੂਅ - 5/9)

੩੮ - ਸੂਰਤ ਸੁਆਦ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 89 ਆਇਤਾਂ ਤੇ 5 ਰਕੂਅ ਹਨ।)

* ਸ਼ੁਰੂ ਅੱਲਾਹ ਦੇ ਨਾਂ ਤੋਂ ਜੋ ਬੜਾ ਕਿਰਪਾਲੂ ਅਤੇ ਦਿਆਲੂ ਹੈ।
* ਤੇਰਾ ਰੱਬ ਜੋ ਬਲਵਾਨ ਬਖਸ਼ਣਹਾਰ ਹੈ।10
* ਉਹ ਸਵੇਰ-ਸ਼ਾਮ ਅੱਲਾਹ ਦੇ ਸਿਮਰਨ ਵਿੱਚ ਲੱਗੇ ਰਹਿੰਦੇ ਸਨ। 19
* ਇਹ ਸਾਡਾ ਰਿਜ਼ਕ ਹੈ, ਜੋ ਕਦੇ ਵੀ ਨਹੀਂ ਮੁੱਕ ਸਕਦਾ।55
* ਸਾਰੇ ਅਕਾਸ਼ਾਂ ਤੇ ਧਰਤੀ ਦਾ ਰੱਬ ਹੈ ਅਤੇ ਜੋ ਕੁੱਝ ਇਹਨਾਂ ਦੇ ਵਿਚਾਲੇ ਹੈ ਉਸ ਦਾ ਵੀ ਉਹ ਬਲਵਾਨ ਹੈ ਬਖਸ਼ਣਹਾਰ ਹੈ। 67

੩੯ - ਸੂਰਾਤੁ ਜ਼ੁੱਮਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 76 ਆਇਤਾਂ ਤੇ 8 ਰਕੂਅ ਹਨ)

* ਸ਼ੁਰੂ ਅੱਲਾਹ ਦੇ ਨਾਂ ਤੋਂ ਜੋ ਬੜਾ ਕਿਰਪਾਲੂ ਅਤੇ ਦਿਆਲੂ ਹੈ। 1
* ਉਸ ਨੇ ਹੀ ਸਾਰੇ ਅਕਾਸ਼ ਤੇ ਧਰਤੀ ਇਕ ਪੂਰਨ ਹੱਕ ਨਾਲ ਹੋਂਦ ਪੈਦਾ ਕੀਤੇ ਹਨ। ਉਹ ਰਾਤ ਨੂੰ ਦਿਨ ਉੱਤੇ ਤੇ ਦਿਨ ਨੂੰ ਰਾਤ ਉੱਤੇ ਚਾੜ ਦਿੰਦਾ ਹੈ, ਅਤੇ ਸੂਰਜ ਤੇ ਚੰਨ ਨੂੰ ਉਸੇ ਨੇ ਹੀ ਕਾਰੇ ਲਾਇਆ ਹੋਇਆ ਹੈ। ਉਹਨਾਂ ਦੋਹਾਂ ਵਿੱਚੋਂ ਹਰੇਕ ਇਕ ਨੀਅਤ ਸਮੇਂ ਲਈ ਇਕ ਰਾਹ 'ਤੇ ਚੱਕਰ ਕੱਟ ਰਿਹਾ ਹੈ। 6
* ਅਤੇ ਜਦ ਕਦੇ ਮਨੁੱਖ ਨੂੰ ਕੋਈ ਦੁੱਖ ਪੁੱਜਦਾ ਹੈ ਤਾਂ ਉਹ ਆਪਣੇ ਰੱਬ ਵੱਲ ਧਿਆਨ ਦਿੰਦਾ ਹੋਇਆ ਉਸ ਅੱਗੇ ਦੁਆਵਾਂ ਕਰਦਾ ਹੈ। 9
* ਤੂੰ ਉਹਨਾਂ ਨੂੰ ਇਹ ਕਹਿ ਦੇ ਕਿ ਮੈਨੂੰ ਇਹ ਹੁਕਮ ਦਿੱਤਾ ਗਿਆ ਹੈ ਕਿ ਮੈਂ ਅੱਲਾਹ ਦੀ ਇਸ ਤਰ੍ਹਾਂ ਇਬਾਦਤ ਕਰਾਂ ਕਿ ਆਗਿਆਕਾਰੀ ਕੇਵਲ ਉਸੇ ਲਈ ਹੀ ਨਿਰੋਲ ਕਰ ਦਿਆਂ। 12
* ਅਤੇ ਜਿਸ ਨੂੰ ਅੱਲਾਹ ਸੁਮਾਰਗ ਵੱਲ ਲਾ ਦੇਵੇ, ਉਸ ਨੂੰ ਕੋਈ ਕੁਰਾਹੇ ਨਹੀਂ ਪਾ ਸਕਦਾ। 38
* ਅੱਲਾਹ ਹਰੇਕ ਪ੍ਰਾਣੀ ਦੀ ਆਤਮਾ (ਰੂਹ) ਉਸ ਦੇ ਦੇਹਾਂਤ ਸਮੇਂ ਕੱਢ ਲੈਂਦਾ ਹੈ। 43
* ਅੱਲਾਹ ਸਾਰੇ ਅਕਾਸ਼ਾਂ ਦੇ ਧਰਤੀ ਦਾ ਸਾਜਨਹਾਰ ਹੈ।47
* ਸਗੋਂ ਅੱਲਾਹ ਦੀ ਹੀ ਇਬਾਦਤ ਕਰ ਅਤੇ ਧੰਨਵਾਦੀ ਬੰਦਿਆਂ ਨਾਲ ਰਲ ਜਾ।67

੪੦ - ਸੂਰਾਤੁਲ ਮੋਮਿਨ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 86 ਆਇਤਾਂ ਤੇ 9 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਹਾ, ਮੀਮ - ਇਹ ਸੂਰਤ ਅੱਲਾਹ ਦੀ ਉਪਮਾ ਤੇ ਉਸ ਦੀ ਵਡਿਆਈ ਨੂੰ ਸਿੱਧ ਕਰਦੀ ਹੈ।2
* ਤੁਸੀਂ ਆਪਣੀ ਆਗਿਆਕਾਰੀ ਨੂੰ ਨਿਰੋਲ ਉਸ ਅੱਲਾਹ ਲਈ ਕਰਦੇ ਹੋਏ ਅੱਲਾਹ ਦੀ ਤਸਬੀਹ ਕਰੋ, ਭਾਵੇਂ ਇਨਕਾਰੀ ਇਸ ਨੂੰ ਨਾ ਪਸੰਦ ਹੀ ਕਰਨ। 15
* ਉਹ (ਅੱਲਾਹ) ਅਗਮ ਤੇ ਅਗੋਚਰ ਹੈ ਅਤੇ ਅਰਸ਼ ਦਾ ਮਾਲਕ ਹੈ। ਆਪਣੇ

ਹੁਕਮ ਨਾਲ ਜਿਸ ਨੂੰ ਯੋਗ ਸਮਝਦਾ ਹੈ, ਆਪਣੀ ਬਾਣੀ ਨਾਲ ਨਿਵਾਜ਼ਦਾ ਹੈ। 16

- ਬੇਸ਼ੱਕ ਅੱਲਾਹ ਹੀ ਵੱਡਾ ਸੁਣਨਹਾਰ ਤੇ ਵੇਖਣਹਾਰ ਹੈ। 21 (ਰਕੂਅ-2/7)
- ਬੇਸ਼ਕ ਅੱਲਾਹ ਆਪਣੇ ਬੰਦਿਆਂ ਦਾ ਨਿਗਰਾਨ ਹੈ। 45
- ਜਿਸ ਦਿਨ ਜ਼ਾਲਮਾਂ ਨੂੰ ਉਹਨਾਂ ਦਾ ਕੋਈ ਬਹਾਨਾ ਲੱਭ ਨਹੀਂ ਦੇਵੇਗਾ ਅਤੇ ਉਹਨਾਂ ਉੱਤੇ (ਅੱਲਾਹ ਦੀ) ਲਾਹਨਤ ਪਏਗੀ। 53
- ਆਪਣੇ ਰੱਬ ਦੀ ਤਸਬੀਹ ਤੇ ਉਪਮਾ ਸਵੇਰ-ਸ਼ਾਮ ਕਰਦਾ ਰਹੁ। 56
- ਇਹ ਅੱਲਾਹ ਉਹ ਰੱਬ ਹੈ, ਜਿਸ ਨੇ ਹਰੇਕ ਚੀਜ਼ ਦਾ ਪੈਦਾ ਕਰਨ ਵਾਲਾ ਹੈ, ਉਸ ਤੋਂ ਛੁੱਟ ਹੋਰ ਕੋਈ ਵੀ ਇਸ਼ਟ ਨਹੀਂ ਹੈ। 63
- ਅੱਲਾਹ ਲਈ ਬੰਦਗੀ ਨੂੰ ਨਿਰੋਲ ਰੱਖਦੇ ਹੋਏ, ਉਸ ਨੂੰ ਪੁਕਾਰੋ। ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ, ਜੋ ਸਾਰੇ ਜਹਾਨਾਂ ਦਾ ਰੱਬ ਹੈ। 66
- ਉਹ ਅੱਲਾਹ ਹੀ ਜੀਵਲਾਹਨਹਾਰ ਤੇ ਮਾਰਨਹਾਰ ਹੈ। ਸੋ ਜਦ ਉਹ ਕਿਸੇ ਗੱਲ ਦਾ ਫੈਸਲਾ ਕਰਦਾ ਹੈ, ਤਾਂ ਉਸ ਬਾਰੇ ਇੰਨਾਂ ਹੀ ਕਹਿੰਦਾ ਹੈ ਕਿ ਹੋ ਜਾ ਤੇ ਉਹ ਹੋਂਦ ਵਿੱਚ ਆ ਜਾਂਦੀ ਹੈ। 69 (ਰਕੂਅ-7/12)
- ਅਤੇ ਉਹ (ਅੱਲਾਹ) ਤੁਹਾਨੂੰ ਆਪਣੇ ਚਮਤਕਾਰ ਵਿਖਾਉਂਦਾ ਹੈ। ਸੋ ਤੁਸੀਂ ਅੱਲਾਹ ਦੇ ਚਮਤਕਾਰਾਂ ਵਿੱਚੋਂ ਕਿਸ ਕਿਸ ਦਾ ਇਨਕਾਰ ਕਰ ਸਕਦੇ ਹੋ? 82

੪੧ - ਸੂਰਤ ਹਾਮੀਮ- ਸੱਜਦਾ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 55 ਆਇਤਾਂ ਤੇ 6 ਰਕੂਅ ਹਨ।)

- ਮੈਂ ਅੱਲਾਹ ਦਾ ਨਾਂ ਲੈ ਕੇ ਸ਼ੁਰੂ ਕਰਦਾ ਹਾਂ ਜੋ ਦਿਆਲੂ ਅਤੇ ਕਿਰਪਾਲੂ ਹੈ। 1
- ਇਹ (ਅੱਲਾਹ) ਤਾਂ ਸਾਰੇ ਜਹਾਨਾਂ ਦਾ ਰੱਬ ਹੈ। 10
- ਅਤੇ ਜੋ ਸੰਜਮੀ ਸਨ, ਉਹਨਾਂ ਨੂੰ ਅਸੀਂ ਬਚਾ ਲਿਆ। 19 (ਰਕੂਅ-2/16)
- ਅੱਲਾਹ ਦੇ ਵੈਰੀਆਂ ਦਾ ਫਲ ਇਹੋ ਹੈ। ਅਰਥਾਤ ਅੱਗ। 29
- ਅਤੇ ਭਲਾਈ ਤੇ ਬੁਰਾਈ ਇਕ ਸਮਾਨ ਨਹੀਂ ਹੋ ਸਕਦੀ। 35
- ਤੈਨੂੰ ਕੋਈ ਦੁੱਖ ਦੇਣਾ ਚਾਹੇ, ਤਾਂ ਤੂੰ ਅੱਲਾਹ ਤੋਂ ਪਨਾਹ ਮੰਗਿਆ ਕਰ। ਬੇਸ਼ਕ ਅੱਲਾਹ ਵੱਡਾ ਸੁਣਨਹਾਰ ਤੇ ਜਾਣਨਹਾਰ ਹੈ। 37
- ਅਤੇ ਉਸ ਦੇ ਚਮਤਕਾਰਾਂ ਵਿਚੋਂ ਰਾਤ ਵੀ ਹੈ ਤੇ ਦਿਨ ਵੀ ਹੈ ਅਤੇ ਸੂਰਜ ਵੀ ਹੈ ਤੇ ਚੰਨ ਵੀ ਹੈ। ਤੂੰ ਨਾ ਸੂਰਜ ਨੂੰ ਸਜਦਾ ਕਰਿਆ ਕਰ ਤੇ ਨਾ ਚੰਨ ਨੂੰ, ਸਗੋਂ ਤੂੰ ਕੇਵਲ ਅੱਲਾਹ ਨੂੰ ਹੀ ਸੱਜਦਾ ਕਰਿਆ ਕਰ, ਜਿਸ ਨੇ ਇਹਨਾਂ ਦੋਹਾਂ

ਨੂੰ ਸਾਜਿਆ ਹੈ। 38

* ਜੇ ਉਹ ਲੋਕ ਅਭਿਮਾਨ ਕਰਨ, ਤਾਂ ਚੇਤੇ ਰੱਖ ਕਿ ਉਹ ਲੋਕ ਜੋ ਤੇਰੇ ਰੱਬ ਦੇ ਨਿਕਟ ਵਰਤੀ ਹਨ, ਉਹ ਰਾਤ ਦਿਨ ਉਸੇ ਦੀ ਹੀ ਤਸਬੀਹ ਕੀਤਾ ਕਰਦੇ ਹਨ ਤੇ ਕਦੇ ਵੀ ਨਹੀਂ ਥੱਕਦੇ। 39
* ਤੁਸੀਂ ਜੋ ਚਾਹੋ ਕਰੋ, ਅੱਲਾਹ ਤੁਹਾਡੇ ਅਮਲਾਂ ਦੇ ਵੇਖਣਹਾਰ ਹੈ।41
* ਜੋ ਵਿਅਕਤੀ ਇਮਾਨ ਅਨੁਸਾਰ ਕਰਮ ਕਰਦਾ ਹੈ, ਉਸ ਦਾ ਲਾਭ ਉਸੇ ਨੂੰ ਹੀ ਪੁੱਜਦਾ ਹੈ ਅਤੇ ਜਿਹੜਾ ਵੀ ਕੁਕਰਮ ਕਮਾਉਂਦਾ ਹੈ, ਉਸ ਦਾ ਅਜ਼ਾਬ ਵੀ ਉਸੇ ਉਤੇ ਹੀ ਪੈਂਦਾ ਹੈ ਅਤੇ ਤੇਰਾ ਰੱਬ ਕਿਸੇ 'ਤੇ ਕੋਈ ਜ਼ੁਲਮ ਨਹੀਂ ਕਰਦਾ। 47
* ਮਨੁੱਖ ਚੰਗੀਆਂ ਚੀਜ਼ਾਂ ਮੰਗਣ ਤੋਂ ਕਦੇ ਵੀ ਨਹੀਂ ਥੱਕਾ, ਪਰ ਜੇ ਉਸ ਨੂੰ ਕਦੇ ਕੋਈ ਦੁੱਖ ਪੁੱਜਦਾ ਹੈ, ਤਾਂ ਨਿਰਾਸ਼ ਹੋ ਜਾਂਦਾ ਹੈ। 50
* ਅਤੇ ਜਦ ਅਸੀਂ ਕਿਸੇ ਮਨੁੱਖ ਤੇ ਕੋਈ ਇਨਾਮ ਕਰਦੇ ਹਾਂ, ਤਾਂ ਉਹ ਸਾਥੋਂ ਬੇਮੁੱਖ ਹੋ ਜਾਂਦਾ ਹੈ ਅਤੇ ਸਾਥੋਂ ਲਾਂਭੇ ਹੋ ਜਾਂਦਾ ਹੈ ਅਤੇ ਜਦ ਕਿਸੇ ਨੂੰ ਕੋਈ ਦੁੱਖ ਪੁੱਜਦਾ ਹੈ, ਤਾਂ ਉਹ ਵੱਡੀਆਂ ਵੱਡੀਆਂ ਲੰਮੀਆਂ ਦੁਆਵਾਂ ਕਰਨ ਲੱਗ ਪੈਂਦਾ ਹੈ।52
*

੪੨ - ਸੂਰਾਤੁੱ ਸ਼ੂਰਾ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 54 ਆਇਤਾਂ ਤੇ 5 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਆਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ, ਉਹ ਸਭ ਉਸੇ (ਅੱਲਾਹ) ਦਾ ਹੀ ਹੈ, ਅਤੇ ਉਹ ਵੱਡੀ ਸ਼ਾਨ ਵਾਲਾ ਹੈ ਤੇ ਹਰ ਚੀਜ਼ ਉੱਤੇ ਉਸੇ ਦਾ ਹੀ ਅਧਿਕਾਰ ਹੈ। 5
* ਅਕਾਸ਼ਾਂ ਤੇ ਧਰਤੀ ਦੀਆਂ ਕੁੰਜੀਆਂ ਵੀ ਉਸੇ ਦੇ ਹੱਥ ਹਨ। ਉਹ ਜਿਸ ਨੂੰ ਯੋਗ ਸਮਝਦਾ ਹੈ, ਖੁੱਲਾ ਰਿਜ਼ਕ ਦਿੰਦਾ ਹੈ ਤੇ ਭੁੱਖ-ਨੰਗ ਦਿੰਦਾ ਹੈ। ਉਹ ਹਰੇਕ ਗੱਲ ਦਾ ਚੰਗੀ ਤਰ੍ਹਾਂ ਜਾਣਨਹਾਰ ਹੈ। 13
* ਅੱਲਾਹ ਆਪਦੇ ਬੰਦਿਆਂ ਦੇ ਗੁਪਤ ਭੇਤਾਂ ਦਾ ਜਾਣਨਹਾਰ ਹੈ। 20 (ਰਕੂਅ-2/3)
* ਅਤੇ ਉਹੋ ਹੀ ਆਪਣੇ ਬੰਦਿਆਂ ਦਾ ਪਸਚਾਤਾਪ ਪਰਵਾਣ ਕਰਦਾ ਹੈ ਅਤੇ ਉਹਨਾਂ ਦੀਆਂ ਭੁੱਲਾਂ-ਚੁੱਕਾਂ ਮਾਫ਼ ਕਰਦਾ ਹੈ। 26

* ਅਤੇ ਅਕਾਸ਼ਾਂ ਤੇ ਧਰਤੀ ਦੀ ਰਚਨਾ ਤੇ ਜੋ ਕੁੱਝ ਉਹਨਾਂ ਵਿਚਾਲੇ ਜੀਅ-ਜੰਤ ਉਸ ਨੇ ਪਸਾਰੇ ਹਨ। 30 (ਰਕੂਅ-3/4)
* ਅੱਲਾਹ ਜ਼ਾਲਮਾਂ ਨੂੰ ਕਦੇ ਵੀ ਪਸੰਦ ਨਹੀਂ ਕਰਦਾ। 41
* ਅਤੇ ਜਿਹੜਾ ਬੰਦਾ ਸਬਰ ਕਰਦਾ ਹੈ ਤੇ ਮਾਫ਼ ਕਰਦਾ ਹੈ। ਬੇਸ਼ੱਕ ਇਹ ਕੰਮ ਵੱਡੀ ਦਲੇਰੀ ਵਾਲੇ ਕੰਮਾਂ ਵਿਚੋਂ ਹੈ।44 (ਰਕੂਅ-4/5)
* ਅੱਲਾਹ ਦੀ ਹੀ ਸਾਰੇ ਆਕਾਸ਼ਾਂ ਅਤੇ ਧਰਤੀ 'ਤੇ ਪਾਤਸ਼ਾਹੀ ਹੈ। ਉਹ ਜੋ ਚਾਹੁੰਦਾ ਹੈ,ਪੈਦਾ ਕਰਦਾ ਹੈ ਅਤੇ ਜਿਸ ਲੂੰ ਯੋਗ ਸਮਝਦਾ ਹੈ ਧੀਆਂ ਦਿੰਦਾ ਹੈ ਤੇ ਜਿਸ ਨੂੰ ਚਾਹੁੰਦਾ ਹੈ ਪੁੱਤਰ ਦਿੰਦਾ ਹੈ। 50
* ਉਸ ਅੱਲਾਹ ਦੇ ਮਾਰਗ ਵੱਲੋਂ, ਜੋ ਉਸ ਦਾ ਮਾਲਕ ਹੈ, ਜੋ ਸਾਰੇ ਆਕਾਸ਼ਾਂ ਤੇ ਧਰਤੀ ਵਿੱਚ ਹੈ, ਸੁਣੋ! ਸਾਰੇ ਕਾਰਜ ਅੱਲਾਹ ਦੇ ਹਜ਼ੂਰ ਹੀ ਪਰਤਾਏ ਜਾਂਦੇ ਹਨ।ਆਦਿ-ਅੰਤ ਅੱਲਾਹ ਦੇ ਹੱਥ ਹੈ। 54 (ਰਕੂਅ-5/6)

੪੩ - ਸੂਰਾਤੁਲ ਜ਼ੁੱਖ਼ਰੁਫ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 90 ਆਇਤਾਂ ਤੇ 7 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਨਾਲ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ ਜੇ ਤੂੰ ਉਹਨਾਂ ਤੋਂ ਇਹ ਪੁੱਛੇ ਕਿ ਸਾਰੇ ਆਕਾਸ਼ ਤੇ ਧਰਤੀ ਕਿਸ ਨੇ ਸਾਜੇ ਹਨ? ਤਾਂ ਉਹ ਇਹੋ ਕਹਿਣਗੇ ਕਿ ਬਲਵਾਨ ਯੁਕਤੀਮਾਨ ਅੱਲਾਹ ਨੇ ਹੀ ਉਹਨਾਂ ਨੂੰ ਸਾਜਿਆ ਹੈ। 10
* ਅਤੇ ਅਸੀਂ ਨਿਰਸੰਦੇਹ ਇਕ ਦਿਨ ਆਪਣੇ ਰੱਬ ਦੇ ਹਜ਼ੂਰ ਪਰਤਾਏ ਜਾਵਾਂਗੇ। 15
* ਬੇਸ਼ੱਕ ਮਨੁੱਖ ਬਹੁਤ ਨਾਸ਼ੁਕਰਾ ਹੈ। 16 (ਰਕੂਅ - 1/7)
* ਅਤੇ ਜਿਹੜਾ ਵਿਅਕਤੀ ਦਿਆਲੂ (ਅੱਲਾਹ) ਦੇ ਸਿਮਰਨ ਤੋਂ ਬੇਮੁੱਖ ਹੋ ਜਾਂਦਾ ਹੈ, ਅਸੀਂ ਉਸ 'ਤੇ ਸ਼ੈਤਾਨੀ ਸੁਭਾਉ ਰੱਖਣ ਵਾਲੀ ਹਸਤੀ ਥਾਪ ਦਿੰਦੇ ਹਾਂ ਅਤੇ ਉਹ ਉਸ ਦਾ ਹਰ ਵੇਲੇ ਦਾ ਸਾਥੀ ਬਣ ਜਾਂਦਾ ਹੈ।37
* ਬੇਸ਼ੱਕ ਅੱਲਾਹ ਹੀ ਮੇਰਾ ਵੀ ਰੱਬ ਹੈ ਤੇ ਤੁਹਾਡਾ ਵੀ ਰੱਬ ਹੈ। ਇਹ ਸਿੱਧਾ ਮਾਰਗ ਹੈ।65
* ਸਾਰੇ ਅਕਾਸ਼ਾਂ ਤੇ ਧਰਤੀ ਦਾ ਰੱਬ ਅਤੇ ਅਰਸ਼ਾਂ ਦਾ ਰੱਬ ਉਹਨਾਂ ਸਭ ਸ਼ਿਰਕ ਭਰੀਆਂ ਗੱਲਾਂ ਤੋਂ ਪਾਕ ਹੈ, ਜੋ ਉਹ ਵਰਣਨ ਕਰਦੇ ਹਨ। 83
* ਅਤੇ ਉਹੋ (ਅੱਲਾਹ ਹੀ) ਸਾਰੇ ਅਕਾਸ਼ਾਂ ਤੇ ਧਰਤੀ ਵਿਚ ਇਕੋ ਇਕ ਇਸ਼ਟ

ਹੈ। ਉਹ ਵੱਡਾ ਯੁਕਤੀਮਾਨ ਤੇ ਜਾਣੀ-ਜਾਣ ਹੈ।85

* ਅਤੇ ਉਹ ਅੱਲਾਹ ਵੱਡੀਆਂ ਬਰਕਤਾਂ ਵਾਲਾ ਹੈ।86

੪੪ - ਸੂਰਾਤੱ ਦੁਖਾਨ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 60 ਆਇਤਾਂ ਤੇ 3 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਸ (ਅੱਲਾਹ) ਤੋਂ ਛੁੱਟ ਕੋਈ ਇਸ਼ਟ ਨਹੀਂ, ਉਹ ਜਿਵਾਲਨਹਾਰ ਵੀ ਹੈ ਤੇ ਮਾਰਨਹਾਰ ਵੀ ਹੈ, ਉਹ ਤੁਹਾਡਾ ਵੀ ਰੱਬ ਹੈ ਤੇ ਤੁਹਾਡੇ ਪਿਉ-ਦਾਦਿਆਂ ਦਾ ਵੀ ਰੱਬ ਸੀ।9

੪੫-ਸੂਰਾਤੁਲ ਜਾਸੀਯਹ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 38 ਆਇਤਾਂ ਤੇ 4 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ ਇਸੇ ਤਰ੍ਹਾਂ ਤੁਹਾਡੀ ਪੈਦਾਇਸ਼ ਵਿੱਚ ਤੇ ਉਸ ਵਿਚ ਅੱਲਾਹ ਨੇ ਜੋ ਜੀਅ-ਜੰਤ ਪਸਾਰੇ ਹੋਏ ਹਨ।5
* ਹਰੇਕ ਝੂਠੇ ਤੇ ਪਾਪੀ ਲਈ ਅਜ਼ਾਬ (ਨੀਅਤ) ਹੈ। 8
* ਇਹ (ਸੱਚਾ) ਸੁਮਾਰਗ ਹੈ ਅਤੇ ਜਿਨ੍ਹਾਂ ਨੇ ਆਪਣੇ ਰੱਬ ਦੀ ਆਇਤਾਂ ਦਾ ਇਨਕਾਰ ਕੀਤਾ ਹੈ, ਉਹਨਾਂ ਨੂੰ ਮੂਰਤੀਆਂ ਪੁੱਜਣ ਕਰ ਕੇ ਘੋਰ ਅਜ਼ਾਬ ਪੁੱਜੇਗਾ।12 (ਰਕੂਅ-1/17)
* ਅਤੇ ਜੋ ਕੁੱਝ ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਹੈ, ਉਹ ਸਭ ਕੁੱਝ ਉਸ ਨੇ ਤੁਹਾਡੀ ਟਹਿਲ ਸੇਵਾ ਤੇ ਲਾਇਆ ਹੋਇਆ ਹੈ। 14
* ਅਤੇ ਅੱਲਾਹ ਨੇ ਅਕਾਸ਼ ਤੇ ਧਰਤੀ ਇਕ ਅਨਾਦੀ ਕਾਨੂੰਨ ਦੇ ਆਧਾਰ 'ਤੇ ਸਾਜੇ ਹਨ ਅਤੇ ਉਸ ਦਾ ਸਿੱਟਾ ਇਹ ਨਿਕਲੇਗਾ ਕਿ ਹਰੇਕ ਵਿਅਕਤੀ ਨੂੰ ਆਪਣੀਆਂ ਕਰਣੀਆਂ ਹੀ ਭਰਨੀਆਂ ਪੈਣਗੀਆਂ। ਉਹਨਾਂ ਵਿੱਚੋਂ ਕਿਸੇ ਇਕ 'ਤੇ ਵੀ ਕੋਈ ਜ਼ੁਲਮ ਨਹੀਂ ਕੀਤਾ ਜਾਏਗਾ।23
* ਸੋ ਜੋ ਲੋਕ ਮੋਮਨ ਸਨ ਤੇ ਜਿਨ੍ਹਾਂ ਨੇ ਸ਼ੁਭ ਕਰਮ ਕਮਾਏ ਸਨ, ਉਹਨਾਂ ਨੂੰ ਉਹਨਾਂ ਦਾ ਰੱਬ ਆਪਣੀ ਮਿਹਰ ਹੇਠ ਰੱਖੇਗਾ ਅਤੇ ਇਹੋ ਸਪੱਸ਼ਟ ਸਫ਼ਲਤਾ ਹੈ।31

* ਸੋ ਅੱਲਾਹ ਜੋ ਅਕਾਸ਼ਾਂ ਤੇ ਧਰਤੀ ਦਾ ਰੱਬ ਹੈ ਅਤੇ ਸਾਰੇ ਜਹਾਨਾਂ ਦਾ ਰੱਬ ਹੈ ਹਰੇਕ ਉਪਮਾ ਦਾ ਅਧਿਕਾਰੀ ਹੈ।37
* ਅਤੇ ਅਕਾਸ਼ਾਂ ਤੇ ਧਰਤੀ ਵਿੱਚ ਉਸੇ ਦੀ ਵਡਿਆਈ ਹੋ ਰਹੀ ਹੈ। ਉਹੋ ਹੀ ਬਲਵਾਨ ਤੇ ਯੁਕਤੀਮਾਨ ਹੈ। 38 (ਰਕੂਅ-4/20)

੪੬ – ਸੂਰਾਤੁਲ ਅਹਕਾਫ਼

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 36 ਆਇਤਾਂ ਤੇ 4 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ ਉਸ ਤੋਂ ਵੱਡਾ ਕੁਰਾਹੀਆ ਹੋਰ ਕਿਹੜਾ ਹੋ ਸਕਦਾ ਹੈ, ਜੋ ਅੱਲਾਹ ਤੋਂ ਛੁੱਟ ਉਹਨਾਂ (ਹਸਤੀਆਂ) ਦੀ ਪੂਜਾ ਕਰਦਾ ਹੈ।16
* ਅੱਲਾਹ ਜ਼ਾਲਮਾਂ ਨੂੰ ਕਦੇ ਵੀ ਸੁਮਾਰਗ ਵੱਲ ਨਹੀਂ ਲਾਉਂਦਾ।11 (ਰਕੂਅ – 1/1)
* ਉਹ ਲੋਕ ਜੋ ਇਹ ਕਹਿੰਦੇ ਹਨ ਕਿ ਅੱਲਾਹ ਹੀ ਸਾਡਾ ਰੱਬ ਹੈ। ਫਿਰ ਉਹ ਇਸ 'ਤੇ ਡਟੇ ਰਹਿੰਦੇ ਹਨ। ਅਜਿਹੇ ਲੋਕਾਂ ਨੂੰ ਨਾ ਤਾਂ ਕੋਈ ਖ਼ੌਫ਼ ਹੋਵੇਗਾ ਤੇ ਨਾ ਉਹ ਚਿੰਤਾਤੁਰ ਹੀ ਹੋਵਣਗੇ।14
* ਜਿਨ੍ਹਾਂ ਦੇ ਸ਼ੁਭ ਕਰਮ ਹੀ ਅਸੀਂ ਪਰਵਾਨ ਕਰਾਂਗੇ ਅਤੇ ਉਹਨਾਂ ਦੀਆਂ ਬੁਰਾਈਆਂ ਅਸੀਂ ਅਣਡਿੱਠ ਕਰ ਦਿਆਂਗੇ।17
* ਸੱਚਾ ਗਿਆਨ ਤਾਂ ਅੱਲਾਹ ਕੋਲ ਹੀ ਹੈ ਅਤੇ ਮੈਂ ਤਾਂ ਕੇਵਲ ਉਹ ਸਿੱਖਿਆ ਤੁਹਾਡੇ ਤੱਕ ਪਹੁੰਚਾਉਂਦਾ ਹਾਂ। 24
* ਉਹ ਇਸ ਗੱਲ ਤੇ ਵੀ ਸਮੱਰਥ ਹੈ ਕਿ ਮੁਰਦਿਆਂ ਨੂੰ ਸੁਰਜੀਤ ਕਰ ਦੇਵੇ। ਬੇਸ਼ੱਕ ਉਹ ਹਰੇਕ ਗੱਲ ਤੇ ਸਮੱਰਥ ਹੈ। 34

੪੭ – ਸੂਰਤ ਮੁਹਮੱਦ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 39 ਆਇਤਾਂ ਤੇ 4 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਹ (ਅੱਲਾਹ) ਉਹਨਾਂ ਨੂੰ ਜ਼ਰੂਰ ਸਫ਼ਲਤਾ ਵੱਲ ਲੈ ਜਾਏਗਾ ਤੇ ਉਹਨਾਂ ਦੀ ਹਾਲਤ ਸੁਆਰ ਦੇਵੇਗਾ।6
* ਹੇ ਮੋਮਨੋ! ਜੇ ਤੁਸੀਂ ਅੱਲਾਹ ਦੀ ਸਹਾਇਤਾ ਕਰੋਗੇ, ਤਾਂ ਉਹ ਤੁਹਾਡੀ ਸਹਾਇਤਾ ਕਰੇਗਾ ਅਤੇ ਤੁਹਾਡੇ ਪੈਰਾਂ ਨੂੰ ਪੱਕਿਆ ਕਰ ਦੇਵੇਗਾ।8

* ਅਤੇ ਇਹ ਜਾਣ ਲਓ ਕਿ ਅੱਲਾਹ ਤੋਂ ਛੁੱਟ ਕੋਈ ਇਸ਼ਟ ਨਹੀਂ ਹੈ। 20 (ਰਕੂਅ-2/6)
* ਸੋ ਉਹਨਾਂ ਦਾ ਉਸ ਸਮੇਂ ਕੀ ਹਾਲ ਹੋਵੇਗਾ ਜਦ ਕਿ ਜਮਦੂਤ ਉਹਨਾਂ ਦੇ ਪ੍ਰਾਣ ਕੱਢ ਰਹੇ ਹੋਣਗੇ (ਤੇ) ਉਹਨਾਂ ਦੇ ਮੂੰਹਾਂ ਤੇ ਪਿੱਠਾਂ ਉੱਤੇ ਕੋਰੜੇ ਮਾਰ ਰਹੇ ਹੋਣਗੇ।28
* ਇਸ ਮਾਤਲੋਕ ਦਾ ਜੀਵਨ ਕੇਵਲ ਇਕ ਖੇਡ- ਤਮਾਸ਼ਾ ਹੈ।37

੪੮ - ਸੂਰਾਤੁਲ ਫ਼ਤਹ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 30 ਆਇਤਾਂ ਤੇ 4 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ ਅੱਲਾਹ ਤੇਰੀ ਵੱਡੀ ਸ਼ਾਨਦਾਰ ਸਹਾਇਤਾ ਕਰੇਗਾ।4
* ਅਤੇ ਅਕਾਸ਼ਾਂ ਤੇ ਧਰਤੀ ਦੀਆਂ ਫ਼ੌਜਾਂ ਅੱਲਾਹ ਦੀਆਂ ਹੀ ਹਨ, ਅਤੇ ਅੱਲਾਹ ਵੱਡਾ ਪ੍ਰਬਲ ਅਤੇ ਯੁਕਤੀਮਾਨ ਹੈ।8
* ਅਤੇ ਅਕਾਸ਼ਾਂ ਤੇ ਧਰਤੀ ਦੀ ਪਾਤਸ਼ਾਹੀ ਅੱਲਾਹ ਦੇ ਹੀ ਅਧਿਕਾਰ ਵਿੱਚ ਹੈ, ਉਹ ਜਿਸ ਨੂੰ ਚਾਹੁੰਦਾ ਹੈ, ਬਖ਼ਸ਼ ਦਿੰਦਾ ਹੈ ਤੇ ਜਿਸ ਨੂੰ ਚਾਹੁੰਦਾ ਹੈ, ਅਜ਼ਾਬ ਦਿੰਦਾ ਹੈ ਅਤੇ ਅੱਲਾਹ ਵੱਡਾ ਬਖਸ਼ਣਹਾਰ ਤੇ ਕਿਰਪਾ-ਨਿਧਾਨ ਹੈ।15
* ਅੱਲਾਹ ਦੀ ਮਰਯਾਦਾ ਨੂੰ ਸਦਾ ਚੇਤੇ ਰੱਖੋ, ਜੋ ਆਦਿ ਕਾਲ ਤੋਂ ਹੀ ਚਲੀ ਆ ਰਹੀ ਹੈ।24

੪੯ - ਸੂਰਾਤੁਲ ਹੁਜੁਰਾਤ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 19 ਆਇਤਾਂ ਤੇ 2 ਰਕੂਅ ਹਨ।)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਨਾਲ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* (ਇਹ ਕੇਵਲ) ਅੱਲਾਹ ਦੀ ਮਿਹਰ ਤੇ ਉਪਕਾਰ (ਦਾ ਸਿੱਟਾ) ਹੈ ਅਤੇ ਅੱਲਾਹ ਵੱਡਾ ਜਾਣਨਹਾਰ ਤੇ ਯੁਕਤੀਮਾਨ ਹੈ।9
* ਹੇ ਮੋਮਨੋ! ਕੋਈ ਕੌਮ ਕਿਸੇ ਕੌਮ ਨੂੰ ਹੀਣੀ ਸਮਝ ਕੇ ਮਖ਼ੌਲ ਨਾ ਕਰੇ। ਸੰਭਵ ਹੈ ਉਹ ਉਹਨਾਂ ਤੋਂ ਚੰਗੀ ਹੋਵੇ।12
* ਅੱਲਾਹ ਨਿਰਸੰਦੇਹ ਮਿਹਰ ਦੀ ਨਜ਼ਰ ਕਰਨ ਵਾਲਾ ਵੱਡਾ ਕਿਰਪਾ-ਨਿਧਾਨ ਹੈ।13
*

੫੦ – ਸੂਰਤ-ਕਾਫ਼

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 46 ਆਇਤਾਂ ਤੇ 3 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਸਾਡੇ (ਅੱਲਾਹ) ਵੱਲੋਂ ਹਰੇਕ ਝੁਕਣ ਵਾਲੇ ਬੰਦੇ ਲਈ ਇਸ ਵਿੱਚ ਚਾਨਣਾ ਤੇ ਉਪਦੇਸ਼ ਹੈ।9
* ਅਤੇ ਅਸੀਂ ਬੱਦਲਾਂ ਤੋਂ ਬਰਕਤ ਵਾਲਾ ਮੀਂਹ ਵਰ੍ਹਾਉਂਦੇ ਹਾਂ। ਫਿਰ ਉਸ ਰਾਹੀਂ ਅਸੀਂ ਬਾਗ ਤੇ ਵਾਢੀਆਂ ਕਰਨ ਵਾਲੇ ਅਨਾਜ ਦੇ ਦਾਣੇ ਵੀ ਉਗਾਉਂਦੇ ਹਾਂ।10
* ਅਸੀਂ ਆਪਣੇ ਬੰਦਿਆਂ ਨੂੰ ਰਿਜ਼ਕ ਦੇਣ ਲਈ ਪ੍ਰਬੰਧ ਕੀਤਾ ਹੈ।12
* ਅਤੇ ਅਸੀਂ ਮਨੁੱਖ ਨੂੰ ਪੈਦਾ ਕੀਤਾ ਹੈ।17
* ਅਤੇ ਨਰਸਿੰਘਾ ਵਜਾਇਆ ਜਾਏਗਾ। ਇਹ ਅਜ਼ਾਬ ਦੇ ਬਚਨ ਦਾ ਦਿਨ ਹੋਵੇਗਾ।21
* ਅਤੇ ਮੇਰੀ ਹਜ਼ੂਰੀ ਵਿੱਚ ਕੋਈ ਗੱਲ ਵਟਾ ਕੇ ਪੇਸ਼ ਨਹੀਂ ਕੀਤੀ ਜਾ ਸਕਦੀ ਅਤੇ ਨਾ ਮੈਂ ਆਪਣੇ ਬੰਦਿਆਂ 'ਤੇ ਕਿਸੇ ਕਿਸਮ ਦਾ ਜ਼ੁਲਮ ਹੀ ਕਰਦਾ ਹਾਂ।30 (ਰਕੂਅ-2/16)
* ਉਹਨਾਂ ਨੂੰ ਉਸ ਵਿੱਚ ਮੂੰਹ ਮੰਗੀਆਂ ਮੁਰਾਦਾਂ ਮਿਲਣਗੀਆਂ, ਅਤੇ ਸਾਡੇ ਕੋਲ ਉਸ ਤੋਂ ਵੀ ਵਧੇਰੇ ਬਹੁਤ ਕੁੱਝ ਉਹਨਾਂ ਨੂੰ ਦੇਣ ਵਾਸਤੇ ਮੌਜੂਦ ਹੈ।36
* ਅਤੇ ਅਸੀਂ ਅਕਾਸ਼ਾਂ ਤੇ ਧਰਤੀ ਅਤੇ ਉਹਨਾਂ ਵਿਚਲੇ ਜੋ ਕੁੱਝ ਹੈ-ਛੇ ਸਮਿਆਂ ਵਿੱਚ ਸਾਜੇ ਸਨ, ਅਤੇ ਅਸੀਂ ਉੱਕੇ ਹੀ ਨਹੀਂ ਥੱਕੇ ਸੀ।39
* ਸੂਰਜ ਚੜ੍ਹਨ ਤੋਂ ਪਹਿਲਾਂ ਤੇ ਡੁੱਬਣ ਤੋਂ ਪਹਿਲਾਂ ਆਪਣੇ ਰੱਬ ਦੀ ਤਸਬੀਹ (ਬੰਦਗੀ) ਕੀਤਾ ਕਰ।40
* ਅਤੇ ਰਾਤ ਸਮੇਂ ਵੀ ਉਸ ਦਾ ਤਸਬੀਹ ਕੀਤਾ ਕਰ ਅਤੇ ਹਰੇਕ ਇਬਾਦਤ ਦੇ ਅੰਤ ਵਿੱਚ ਵੀ।41
* ਬੇਸ਼ਕ ਅਸੀਂ ਜੀਵਾਲਨਹਾਰ ਤੇ ਮਾਰਨਹਾਰ ਹਾਂ ਅਤੇ ਸਾਰਿਆਂ ਨੇ ਸਾਡੀ ਹਜ਼ੂਰੀ ਹੀ ਪਰਤਣਾ ਹੈ।44

੫੧– ਸੂਰਾਤੁ ਜ਼ਾਰਿਯਾਤ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 61 ਆਇਤਾਂ ਤੇ 3 ਰਕੂਅ ਹਨ।)

* ਮੈਂ ਸ਼ੁਰੂ ਅੱਲਾਹ ਦੇ ਨਾਂ ਨਾਲ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

* ਅਸੀਂ ਉਹਨਾਂ (ਹਵਾਵਾਂ) ਨੂੰ ਗਵਾਹੀ ਵਜੋਂ ਪੇਸ਼ ਕਰਦੇ ਹਾਂ, ਜੋ (ਬਦੱਲਾਂ ਨੂੰ) ਉਡਾਉਂਦੀਆ ਫਿਰਦੀਆਂ ਹਨ।2
* ਫਿਰ (ਮੀਂਹ ਦਾ) ਭਾਰ ਚੁੱਕ ਲੈਂਦੀਆਂ ਹਨ।3
* ਇਸ ਦੇ ਸਬੂਤ ਵਜੋਂ ਅਸੀਂ ਉਸ ਅਕਾਸ਼ ਨੂੰ ਪੇਸ਼ ਕਰਦੇ ਹਾਂ, ਜਿਸ ਵਿੱਚ ਤਾਰਿਆਂ ਦੇ ਮਾਰਗ ਹਨ।8
* ਅਤੇ ਯਕੀਨ ਕਰਨ ਵਾਲਿਆਂ ਲਈ ਇਸ ਧਰਤੀ ਵਿੱਚ ਅਨੇਕਾਂ ਚਮਤਕਾਰ ਹਨ।21
* ਅਤੇ ਤੁਸੀਂ ਅੱਲਾਹ ਦੇ ਨਾਲ ਕਿਸੇ ਹੋਰ ਨੂੰ ਇਸ਼ਟ ਨਾ ਬਣਾਉ।52
* ਮੈਂ ਸਾਰੇ ਜਿੰਨਾਂ ਤੇ ਮਨੁੱਖਾਂ ਨੂੰ ਕੇਵਲ ਆਪਣੀ ਬੰਦਗੀ ਲਈ ਹੀ ਸਾਜਿਆ ਹੈ।57
* ਬੇਸ਼ੱਕ ਅੱਲਾਹ ਹੀ ਸਾਰਿਆਂ ਨੂੰ ਰਿਜ਼ਕ ਦਿੰਦਾ ਹੈ, ਵੱਡਾ ਬਲਵਾਨ ਹੈ।59

੫੨ - ਸੂਰਾਤੁ ਤੂੱਰ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 50 ਆਇਤਾਂ ਤੇ 2 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਹ ਤੁਹਾਡੇ ਸ਼ੁੱਭ ਕਰਮਾਂ ਕਰਕੇ ਤੁਹਾਡੇ ਲਈ ਬਰਕਤ ਵਾਲਾ ਹੋਵੇਗਾ।20
* ਅਤੇ ਜ਼ਾਲਮ ਲੋਕਾਂ ਨੂੰ ਇਸ ਤੋਂ ਛੁੱਟ ਹੋਰ ਵੀ ਅਜ਼ਾਬ ਪੁੱਜਣਗੇ।48
* ਅਤੇ ਤੂੰ ਆਪਣੇ ਰੱਬ ਦੇ ਹੁਕਮ 'ਤੇ ਦ੍ਰਿੜ ਰਹੁ, ਕਿਉਂਕਿ ਤੂੰ ਸਾਡੀਆਂ ਅੱਖਾਂ ਦੇ ਸਾਮ੍ਹਣੇ ਹੈ ਅਤੇ ਜਦ ਤੂੰ (ਇਬਾਦਤ ਵਾਸਤੇ) ਖੜਾ ਹੋਵੇਂ, ਤਾਂ ਸਾਡੇ ਸਿਮਰਨ ਦੇ ਨਾਲ-ਨਾਲ ਉਪਮਾਂ ਵੀ ਵਰਣਨ ਕਰਦਾ ਰਹੁ, ਅਤੇ ਇਸੇ ਤਰ੍ਹਾਂ ਰਾਤ, ਉਸ (ਅੱਲਾਹ) ਦਾ ਸਿਮਰਨ ਕਰਦਾ ਰਹੋ ਅਤੇ ਜਦ ਤਾਰੇ ਮੂੰਹ ਮੋੜ ਲੈਣ (ਰਾਤ ਮੁੱਕਣ ਤੇ ਆਵੇ) ਤਦ ਵੀ। 49-50 (ਰਕੂਅ-2/4)
*

੫੩-ਸੂਰਾਤੁ ਨੱਜਮ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 63 ਆਇਤਾਂ ਤੇ 3 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਸੋ ਉਸ ਨੇ ਆਪਣੇ ਬੰਦਿਆਂ ਵੱਲ ਅਕਾਸ਼ਬਾਣੀ ਉਤਾਰੀ, ਜਿਸ ਦਾ ਉਹ ਨਿਰਣਾ ਕਰ ਚੁੱਕਾ ਸੀ।11

* ਸੋ ਚੇਤੇ ਰਹੇ ਕਿ ਲੋਕ ਤੇ ਪਰਲੋਕ ਦੇ ਸਾਰੇ ਪਦਾਰਥ ਅੱਲਾਹ ਦੇ ਹੀ ਅਧੀਨ ਹਨ।26 (ਰਕੂਅ-1/5)
* ਜੋ ਲੋਕ ਬੁਰਾਈ ਕਰਦੇ ਹਨ, ਉਹ ਉਹਨਾਂ ਦੀਆਂ ਕਰਣੀਆਂ ਅਨੁਸਾਰ ਉਹਨਾਂ ਨੂੰ ਵਟਾਂਦਰਾ ਦਿੰਦਾ ਹੈ ਤੇ ਜੋ ਲੋਕ ਭਲਾਈ ਕਰਦੇ ਹਨ, ਉਹਨਾਂ ਨੂੰ ਚੰਗਾ ਵਟਾਂਦਰਾ ਦਿੰਦਾ ਹੈ।32
* ਅਤੇ ਹਰੇਕ ਮਨੁੱਖ ਨੂੰ ਆਪਣਾ ਕੀਤਾ ਹੀ ਪ੍ਰਾਪਤ ਹੁੰਦਾ ਹੈ।40
* ਸਾਰੇ ਜੀਅ-ਜੰਤ ਨੂੰ ਨਰ ਤੇ ਮਾਦਾ ਦੇ ਰੂਪ ਵਿੱਚ ਸਾਜਿਆ ਹੈ।46-47
* ਅੱਲਾਹ ਤੋਂ ਛੁੱਟ ਕੋਈ (ਹਸਤੀ ਵੀ) ਉਸ ਨੂੰ ਟਾਲ ਨਹੀਂ ਸਕਦੀ।59
* ਸੋ ਉਠੋ! ਤੇ ਅੱਲਾਹ ਅੱਗੇ ਸਜਦਾ ਕਰੋ ਤੇ ਉਸੇ ਦੀ ਹੀ ਬੰਦਗੀ ਕਰਦੇ ਰਹੋ।63 (ਰਕੂਅ-3/7)
*

੫੪ - ਸੂਰਾਤੁਲ ਕਮਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 56 ਆਇਤਾਂ ਤੇ 3 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।)
* ਅਪਰਾਧੀ ਲੋਕ ਕੁਮਾਰਗ ਤੇ ਸਾੜਨ ਵਾਲੇ ਅਜ਼ਾਬ ਵਿੱਚ ਫਸਣਗੇ।48

੫੫ - ਸੂਰਾਤੂ ਰੱਹਮਾਨ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 79 ਆਇਤਾਂ ਤੇ 3 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਹ ਦਿਆਲੂ ਅੱਲਾਹ ਹੀ ਹੈ।2
* ਸੂਰਜ ਤੇ ਚੰਨ ਇਕ ਨੀਯਤ ਮਰਯਾਦਾ ਅਨੁਸਾਰ ਚੱਕਰ ਲਾ ਰਹੇ ਹਨ।6
* ਅਤੇ ਜੜ੍ਹੀਆਂ-ਬੂਟੀਆਂ ਤੇ ਸਾਰੇ ਰੁੱਖ ਵੀ ਉਸ ਦੇ ਆਗਿਆਕਾਰੀ ਹਨ।7
* ਅਤੇ ਇਨਸਾਫ਼ ਨਾਲ ਤੋਲ ਪੂਰਾ ਕੀਤਾ ਕਰੋ ਤੇ ਤਕੱੜੀ ਵਿੱਚ ਕੋਈ ਪਾਸਕੂ ਨਾ ਰੱਖਿਆ ਕਰੋ ਅਤੇ ਤੋਲ ਵਿੱਚ ਕੋਈ ਘਾਟਾ-ਵਾਧਾ ਨਾ ਕਰੋ।10
* ਅਤੇ ਅਸੀਂ ਧਰਤੀ ਨੂੰ ਸਾਰੀ ਰਚਨਾ ਦੇ ਲਾਭ ਲਈ ਬਣਾਇਆ ਹੈ।11
* ਉਹ ਦੋਹਾਂ ਪੂਰਬਾਂ ਦਾ ਵੀ ਰੱਬ ਹੈ ਦੋਹਾਂ ਪੱਛਮਾਂ ਦਾ ਵੀ ਰੱਬ ਹੈ।18
* ਜੋ ਵਿਅਕਤੀ ਆਪਣੇ ਰੱਬ ਦੀ ਸ਼ਾਨ ਦਾ ਖੌਫ਼ ਕਰਦਾ ਹੈ, ਉਸ ਦੇ ਵਾਸਤੇ ਦੋ ਸਵਰਗ ਹਨ।(ਇਕ ਇਸ ਮਾਤਲੋਕ ਦਾ ਦੂਜਾ ਪਰਲੋਕ ਦਾ।)47

* ਤੇਰੀ ਵੱਡੀ ਸ਼ਾਨ ਵਾਲੇ ਸਤਿਕਾਰਯੋਗ ਰੱਬ ਦਾ ਨਾਂ ਵੱਡੀ ਬਰਕਤ ਵਾਲਾ ਹੈ।79 (ਰਕੂਅ-3/13)

੫੬ - ਸੂਰਾਤੁਲ ਵਾਕਿਆ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 97 ਆਇਤਾਂ ਤੇ 3 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।
* ਜਦ ਉਹ ਗੱਲ ਜਿਸ ਦੇ ਅਟੱਲ ਹੋਣ ਦਾ ਫ਼ੈਸਲਾ ਹੈ, ਵਾਪਰ ਜਾਏਗੀ।2
* ਸੋ ਤੂੰ ਆਪਣੇ ਰੱਬ ਦੇ ਵੱਡੇ ਨਾਂ ਰਾਹੀਂ ਤਸਬੀਹ ਕਰਦਾ ਰਹੋ।75 (ਰਕੂਅ-2/15)
* ਸੋ ਤੂੰ ਆਪਣੇ ਰੱਬ ਦੀ ਤਸਬੀਹ ਉਸ ਦੇ ਸੱਚੇ ਗੁਣਾਂ ਦੇ ਵਰਣਨ ਨਾਲ ਕਰਦਾ ਰਹੁ।97 (ਰਕੂਅ - 3/16)

੫੭ - ਸੂਰਾਤੁਲ ਹਦੀਦ

(ਇਹ ਸੂਰਤ ਮਦਨੀ ਹੈ।ਇਸ ਦੀਆਂ ਬਿਸਮਿੱਲਾ ਸਣੇ 30 ਆਇਤਾਂ ਤੇ 4 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਜੋ ਕੁਝ ਵੀ ਹੈ, ਉਹ ਅੱਲਾਹ ਦਾ ਸਿਮਰਨ ਕਰ ਰਿਹਾ ਹੈ। ਉਹ ਵੱਡਾ ਬਲਵਾਨ ਤੇ ਯੁਕਤੀਮਾਨ ਹੈ।2
* ਉਹ ਸਰਬ ਕਲਾ ਸਮਰੱਥ ਹੈ।3
* ਉਹ ਆਦਿ ਵੀ ਹੈ ਤੇ ਅੰਤ ਵੀ ਹੈ ਅਤੇ ਗੁਪਤ ਵੀ ਹੈ ਤੇ ਪਰਗਟ ਵੀ ਹੈ।ਉਹ ਹਰੇਕ ਚੀਜ਼ ਦਾ ਜਾਣਨਹਾਰ ਹੈ।4
* ਸਾਰੇ ਅਕਾਸ਼ਾਂ ਤੇ ਧਰਤੀ ਦੀ ਪਾਤਸ਼ਾਹੀ ਉਸੇ ਦੀ ਹੈ।6
* ਉਹ ਰਾਤ ਨੂੰ ਦਿਨ ਤੇ ਦਿਨ ਨੂੰ ਰਾਤ ਵਿੱਚ ਦਾਖ਼ਲ ਕਰਦਾ ਰਹਿੰਦਾ ਹੈ ਅਤੇ ਘੱਟ ਘੱਟ ਦਾ ਜਾਣਨਹਾਰ ਹੈ।7
* ਹੇ ਲੋਕੋ ! ਇਹ ਜਾਣ ਲਓ ਕਿ ਇਸ ਲੋਕ ਦਾ ਜੀਵਨ ਇਕ ਖੇਡ-ਤਮਾਸ਼ਾ ਤੇ ਦਿਲ-ਪ੍ਰਚਾਵਾ ਹੀ ਹੈ। 21
* ਹੇ ਮੋਮਨੋ ! ਅੱਲਾਹ ਤੋਂ ਸਦਾ ਹੀ ਡਰਦੇ ਰਹੋ। 29

੫੮-ਸੂਰਾਤੁਲ ਮੁਜਾਦਿਲਹ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 23 ਆਇਤਾਂ ਤੇ 3 ਰਕੂਅ ਹਨ)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਨਾਲ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।
* ਕੀ ਤੈਨੂੰ ਇਹ ਪਤਾ ਨਹੀਂ ਕਿ ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ, ਅੱਲਾਹ ਉਸ ਦਾ ਜਾਣਨਹਾਰ ਹੈ। 8
* ਉਹਨਾਂ ਉੱਤੇ ਅੱਲਾਹ ਰਾਜ਼ੀ ਹੋ ਗਿਆ ਹੈ ਤੇ ਉਹ ਅੱਲਾਹ ਉੱਤੇ ਰਾਜ਼ੀ ਹੋ ਗਿਆ ਹੈ ਤੇ ਉਹ ਅੱਲਾਹ ਦਾ ਧੜਾ ਹਨ। ਸੁਣ ਲਓ ਕਿ ਅੱਲਾਹ ਦਾ ਧੜਾ ਹੀ ਸਫ਼ਲ ਹੋਇਆ ਕਰਦਾ ਹੈ। 23 (ਰਕੂਅ- 3/3)

*

੫੯-ਸੂਰਾਤੁਲ ਹਸ਼ਰ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 25 ਆਇਤਾਂ ਤੇ 3 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ, ਉਹ ਅੱਲਾਹ ਦੀ ਪਵਿੱਤਰਤਾ ਵਰਣਨ ਕਰ ਰਿਹਾ ਹੈ ਅਤੇ ਉਹ (ਅੱਲਾਹ) ਬਲਵਾਨ ਤੇ ਯੁਕਤੀਮਾਨ ਹੈ।2
* ਅੱਲਾਹ ਸਰਬਕਲਾ ਸਮੱਰਥ ਹੈ।7
* ਹੇ ਮੋਮਨੋ ! ਅੱਲਾਹ ਤੋਂ ਸਦਾ ਹੀ ਡਰਦੇ ਰਹੋ।19
* ਅਤੇ ਉਹਨਾਂ ਲੋਕਾਂ ਜਿਹੇ ਨਾ ਬਣੋ, ਜਿਨ੍ਹਾਂ ਨੇ ਅੱਲਾਹ ਨੂੰ ਵਿਸਾਰ ਦਿੱਤਾ ਹੈ। ਸੋ ਅੱਲਾਹ ਨੇ ਵੀ ਉਹਨਾਂ ਨੂੰ ਉਹਨਾਂ ਦਾ ਲਾਭ ਭੁਲਾ ਦਿੱਤਾ ਹੈ। ਇਹ ਲੋਕ ਮਨਮੁੱਖ ਹਨ। 20
* ਅੱਲਾਹ ਤੋਂ ਛੁੱਟ ਹੋਰ ਕੋਈ ਵੀ ਇਸ਼ਟ ਨਹੀਂ ਹੈ। ਉਹ ਗੁਪਤ ਤੇ ਪਰਗਟ ਦਾ ਜਾਣਨਹਾਰ ਹੈ। ਵੱਡਾ ਦਿਆਲੂ ਤੇ ਕਿਰਪਾਲੂ ਹੈ।23
* ਅੱਲਾਹ ਹਰੇਕ ਚੀਜ਼ ਦਾ ਰਚਨਹਾਰ ਹੈ ਤੇ ਘੜਨਹਾਰ ਵੀ ਹੈ। ਉਸ ਦੇ ਸਾਰੇ ਗੁਣ ਚੰਗੇ ਹਨ। ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ, ਉਸੇ ਦੀ ਸਿਫ਼ਤ-ਸਲਾਹ ਕਰ ਰਿਹਾ ਹੈ। ਉਹ ਬਲਵਾਨ ਤੇ ਯੁਕਤੀਮਾਨ ਹੈ। 25 (ਰਕੂਅ - 3/6)

੬੦ - ਸੂਰਾਤੁਲ ਮੁਮਤਹਿਨਾ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 14 ਆਇਤਿਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਹੇ ਸਾਡੇ ਰੱਬ ! ਸਾਨੂੰ ਇਨਕਾਰੀਆਂ ਵਾਸਤੇ ਪਰਖ ਦਾ ਕਾਰਣ ਨਾ ਬਣਾ ਅਤੇ ਸਾਡੇ ਅਪਰਾਧ ਮਾਫ਼ ਕਰ।6

੬੧ – ਸੂਰਾਤੁ ਸੱਫ਼

(ਇਹ ਸੂਰਤ ਮਦਨੀ ਹੈ।ਇਸ ਦੀਆਂ ਬਿਸਮਿੱਲਾ ਸਣੇ 15 ਆਇਤਾਂ ਤੇ 2 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ, ਉਹ ਅੱਲਾਹ ਦੀ ਸਿਫ਼ਤ-ਸਲਾਹ ਵਰਣਨ ਕਰ ਰਿਹਾ ਹੈ।2
* ਅੱਲਾਹ ਤਾਂ ਉਹਨਾਂ ਲੋਕਾਂ ਨੂੰ ਹੀ ਪਸੰਦ ਕਰਦਾ ਹੈ, ਜੋ ਉਸ ਦੇ ਰਾਹ ਵਿੱਚ ਪਾਲਾਂ ਬਣ ਕੇ ਲੜਦੇ ਹਨ।5
* ਅੱਲਾਹ ਜ਼ਾਲਮ ਲੋਕਾਂ ਨੂੰ ਕਦੇ ਸੁਮਾਰਗ ਵੱਲ ਨਹੀਂ ਲਾਉਂਦਾ।8

੬੨ – ਸੂਰਾਤੁਲ ਜੁਮਆ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 12 ਆਇਤਾਂ ਤੇ 2 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ, ਉਹ ਅੱਲਾਹ ਦੀ ਸਿਫ਼ਤ-ਸਲਾਹ ਵਰਣਨ ਕਰ ਰਿਹਾ ਹੈ, ਉਸ (ਅੱਲਾਹ) ਦੀ, ਜੋ ਪਾਤਸ਼ਾਹ ਵੀ ਹੈ ਤੇ ਪਵਿੱਤਰ ਹੈ ਅਤੇ ਬਲਵਾਨ ਯੁਕਤੀਮਾਨ ਹੈ।2
* ਅੱਲਾਹ ਵੱਡਾ ਕਿਰਪਾ-ਨਿਧਾਨ ਹੈ।5
* ਜਿਸ ਮੌਤ ਤੋਂ ਤੁਸੀਂ ਨੱਸਦੇ ਹੋ, ਉਹ ਇਕ ਦਿਨ ਤੁਹਾਨੂੰ ਨਿਰਸੰਦੇਹ ਆ ਦਬੋਚੇਗੀ।9 (ਰਕੂਅ- 1/11)
* ਹੇ ਮੋਮਨੋ ! ਜਦ ਤੁਹਾਨੂੰ ਜੁਮੇ ਦੇ ਦਿਨ ਨਮਾਜ਼ ਪੜ੍ਹਨ ਲਈ ਸੱਦਿਆ ਜਾਏ ਤਾਂ ਅੱਲਾਹ ਦਾ ਸਿਮਰਨ ਕਰਨ ਲਈ ਛੇਤੀ ਛੇਤੀ ਜਾਇਆ ਕਰੋ ਅਤੇ ਸਾਰਾ ਲੈਣ-ਦੇਣ ਛੱਡ ਦਿਆ ਕਰੋ।10
* ਅੱਲਾਹ ਦਾ ਬਹੁਤ ਸਿਮਰਨ ਕੀਤਾ ਕਰੋ ਤਾਂ ਜੁ ਤੁਸੀਂ ਸਫ਼ਲ ਹੋ ਸਕੋ।11

੬੩ – ਸੂਰਾਤੁਲ ਮੁਨਾਫ਼ਿਕੂਨ

(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 12 ਆਇਤਾਂ ਤੇ 2 ਰਕੂਅ ਹਨ।)

- ✱ ਮੈਂ ਅੱਲਾਹ ਦੇ ਨਾਂ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
- ✱ ਸਾਰੇ ਅਕਾਸ਼ਾਂ ਤੇ ਧਰਤੀ ਦੇ ਭੰਡਾਰ ਅੱਲਾਹ ਕੋਲ ਹਨ, ਪਰ ਕਪਟੀ ਸਮਝਦੇ ਹੀ ਨਹੀਂ। 8
- ✱ ਹੇ ਮੋਮਨੋ ! ਤੁਹਾਨੂੰ ਤੁਹਾਡੇ ਧਨ-ਪਦਾਰਥ ਤੇ ਸੰਤਾਨਾਂ ਅੱਲਾਹ ਦੇ ਸਿਮਰਨ ਤੋਂ ਬੇਪਰਵਾਹ ਨਾ ਕਰ ਦੇਣ। ਜੋ ਲੋਕ ਅਜਿਹਾ ਕਰਨਗੇ, ਉਹੋ ਹੀ ਘਾਟੇ ਵਿੱਚ ਰਹਿਣਗੇ।10

੬੪ – ਸੂਰਾਤੁਲ ਤਮਗ਼ੁੱਾਬੁਨ

(ਇਹ ਸੂਰਤ ਮਦਨੀ ਹੈ।ਇਸ ਦੀਆਂ ਬਿਸਮਿੱਲਾ ਸਣੇ 19 ਆਇਤਾਂ ਤੇ 2 ਰਕੂਅ ਹਨ।)

- ✱ ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1 .
- ✱ ਸਾਰੇ ਅਕਾਸ਼ਾਂ ਤੇ ਧਰਤੀ ਵਿੱਚ ਜੋ ਕੁੱਝ ਵੀ ਹੈ, ਉਹ ਅੱਲਾਹ ਦੀ ਸਿਫ਼ਤ-ਸਲਾਹ ਵਰਣਨ ਕਰ ਰਿਹਾ ਹੈ। ਸਾਰੀ ਪਾਤਸ਼ਾਹੀ ਵੀ ਉਸੇ ਦੀ ਹੀ ਹੈ ਅਤੇ ਉਹੋ ਹੀ ਹਰੇਕ ਉਪਮਾ ਦਾ ਅਧਿਕਾਰੀ ਵੀ ਹੈ, ਅਤੇ ਉਹ ਸਰਬਕਲਾ ਸਮਰਥ ਹੈ।2
- ✱ ਉਸ ਨੇ ਹੀ ਤੁਹਾਨੂੰ ਸਾਜਿਆ ਹੈ। ਅੱਲਾਹ ਤੁਹਾਡੀਆਂ ਕਰਣੀਆਂ ਦਾ ਵੇਖਣਹਾਰ ਹੈ।3
- ✱ ਉਸੇ ਨੇ ਸਾਰੇ ਅਕਾਸ਼ ਤੇ ਧਰਤੀ ਕਿਸੇ ਖ਼ਾਸ ਮਨੋਰਥ ਲਈ ਸਾਜੇ ਹਨ।4
- ✱ ਅੱਲਾਹ ਘਟ-ਘਟ ਦਾ ਜਾਣਨਹਾਰ ਹੈ।5
- ✱ ਹਰੇਕ ਬਿਪਤਾ ਅੱਲਾਹ ਦੇ ਹੁਕਮ ਨਾਲ ਹੀ ਆਉਂਦੀ ਹੈ।12
- ✱ ਅੱਲਾਹ ਤੋਂ ਛੁੱਟ ਹੋਰ ਕੋਈ ਵੀ ਇਸ਼ਟ ਨਹੀਂ ਅਤੇ ਮੋਮਨਾਂ ਨੂੰ ਅੱਲਾਹ ਉੱਤੇ ਹੀ ਭਰੋਸਾ ਕਰਨਾ ਚਾਹੀਦਾ ਹੈ।14
- ✱ ਜਿਥੋਂ ਤੱਕ ਹੋ ਸਕੇ, ਅੱਲਾਹ ਤੋਂ ਡਰਦੇ ਰਹੋ।17
- ✱ ਜੇ ਤੁਸੀਂ ਅੱਲਾਹ ਵਾਸਤੇ ਆਪਣੇ ਧਨ-ਪਦਾਰਥ ਵਿਚੋਂ ਇੱਕ ਚੰਗਾ ਹਿੱਸਾ ਕੱਢ ਕੇ ਅੱਡ ਕਰ ਦਿਉਗੇ ਤਾਂ ਉਹ ਉਸ ਹਿੱਸੇ ਨੂੰ ਤੁਹਾਡੇ ਧਨ ਵਿੱਚ ਵਾਧੇ ਦਾ ਕਾਰਣ ਬਣਾਏਗਾ ਅਤੇ ਤੁਹਾਡੇ ਵਾਸਤੇ ਬਖ਼ਸ਼ਿਸ਼ ਦੇ ਸਾਧਨ ਪੈਦਾ ਕਰੇਗਾ। ਅੱਲਾਹ ਵੱਡਾ ਕਦਰਦਾਨ ਤੇ ਧੀਰਜਵਾਨ ਹੈ।18

੬੫ - ਸੂਰਾਤੁ ਤੱਲਾਕ

(ਇਹ ਸੂਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 13 ਆਇਤਾਂ ਤੇ 2 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਜਿਹੜਾ ਵਿਅਕਤੀ ਅੱਲਾਹ ਦੀਆਂ ਹੱਦਾਂ ਨੂੰ ਤੋੜ ਦਿੰਦਾ ਹੈ, ਉਹ ਆਪਣੇ ਆਪ ਤੇ ਜ਼ੁਲਮ ਕਰਦਾ ਹੈ।2
* ਤੁਸੀਂ ਜਾਣ ਲਓ ਕਿ ਅੱਲਾਹ ਸਰਬ ਕਲਾ ਸਮਰੱਥ ਹੈ।13 (ਰਕੂਅ-2/18)

੬੬ - ਸੂਰਾਤੁ ਤਹੱਰੀਮ

(ਇਹ ਸੂਰਤ ਮਦਨੀ ਹੈ।ਇਸ ਦੀਆਂ ਬਿਸਮਿੱਲਾ ਸਣੇ 13 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅੱਲਾਹ ਹੀ ਤੁਹਾਡਾ ਮਿੱਤਰ ਹੈ ਤੇ ਉਹ ਜਾਣਨਹਾਰ ਤੇ ਯੁਕਤੀਮਾਨ ਹੈ।3

੬੭ - ਸੂਰਾਤੁਲ ਮੁਲਕ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 31 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਹ (ਅੱਲਾਹ) ਵੱਡੀ ਬਰਕਤ ਵਾਲਾ ਹੈ। ਉਸ ਦੇ ਹੱਥ ਵਿੱਚ ਹੀ ਸਾਰੀ ਪਾਤਸ਼ਾਹੀ ਹੈ। ਉਹ ਸਰਬ ਕਲਾ ਸਮਰੱਥ ਹੈ।2
* ਉਸੇ ਨੇ ਹੀ ਮਰਨ-ਜੀਵਨ ਹੋਂਦ ਵਿੱਚ ਆਉਂਦਾ ਹੈ ਤਾਂ ਜੁ ਉਸ ਰਾਹੀਂ ਤੁਹਾਡੀ ਪਰਖ ਕਰ ਸਕੇ ਕਿ ਤੁਹਾਡੇ ਵਿਚੋਂ ਕਿਹਾੜਾ ਵਧੇਰੇ ਸ਼ੁਭ ਕਰਮ ਕਰਦਾ ਹੈ। ਉਹ ਵੱਡਾ ਬਲਵਾਨ ਤੇ ਬਖ਼ਸ਼ਣਹਾਰ ਹੈ।3
* ਅਤੇ ਜਿਨ੍ਹਾਂ ਨੇ ਆਪਣੇ ਰੱਬ ਦਾ ਇਨਕਾਰ ਕੀਤਾ ਹੈ, ਉਹਨਾਂ ਨੂੰ ਨਰਕ ਦਾ ਅਜ਼ਾਬ ਪੁੱਜੇਗਾ ਅਤੇ ਉਹ ਬਹੁਤ ਹੀ ਭੈੜਾ ਟਿਕਾਣਾ ਹੈ।7
* ਬੇਸ਼ਕ ਉਹ ਲੋਕ ਜੋ ਆਪਣੇ ਰੱਬ ਤੋਂ ਇਕਾਂਤ ਵਿੱਚ ਡਰਦੇ ਹਨ, ਉਹਨਾਂ ਨੂੰ ਬਖ਼ਸ਼ਿਸ਼ ਅਤੇ ਵੱਡਾ ਫ਼ਲ ਪ੍ਰਾਪਤ ਹੋਵੇਗਾ। 13
* ਤੂੰ ਉਹਨਾਂ ਨੂੰ ਇਹ ਕਹਿ ਦੇ ਕਿ ਦਿਆਲੂ ਅੱਲਾਹ ਤੋਂ ਛੁੱਟ ਕੋਈ (ਇਸ਼ਟ) ਨਹੀਂ ਹੈ। ਅਸੀਂ ਉਸ ਦੇ ਸ਼ਰਧਾਲੂ ਹਾਂ ਅਤੇ ਸਾਨੂੰ ਉਸੇ ਤੇ ਹੀ ਭਰੋਸਾ ਹੈ।30

੬੮ - ਸੂਰਾਤੁਲ ਕਲਮ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 53 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਸੀਂ ਕਲਮ ਤੇ ਦੁਆਤ ਨੂੰ ਅਤੇ ਉਸ ਨੂੰ ਜੋ ਕੁੱਝ ਉਹਨਾਂ ਨਾਲ ਲਿਖਿਆ ਜਾਂਦਾ ਹੈ, ਗਵਾਹੀ ਵਜੋਂ ਪੇਸ਼ ਕਰਦੇ ਹਾਂ। 2
* ਤੂੰ ਅਤਿ ਉੱਚੇ ਦਰਜੇ ਦੇ ਸਦਾਚਾਰ 'ਤੇ ਨਿਰਭਰ ਹੈ।5
* ਤੁਸੀਂ ਅੱਲਾਹ ਦਾ ਸਿਮਰਨ ਕਿਉਂ ਨਹੀਂ ਕਰਦੇ।29
* ਉਹਨਾਂ ਨੇ ਇਹ ਕਿਹਾ ਕਿ ਸਾਡਾ ਰੱਬ ਹਰੇਕ ਉਣਤਾਈ ਤੋਂ ਪਾਕ ਹੈ। ਅਸੀਂ ਜ਼ੁਲਮ ਕਮਾਉਂਦੇ ਸੀ।30

੬੯ - ਸੂਰਾਤੁਲ ਹਾਕੱਹ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 53 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਸੋ ਤੂੰ ਆਪਣੀ ਵਡਿਆਈ ਵਾਲੇ ਰੱਬ ਦੇ ਨਾਂ ਦੀ ਪਵਿੱਤਰਤਾ ਵਰਣਨ ਕਰ। 53 (ਰਕੂਅ-2/6)

੭੦ - ਸੂਰਾਤੁਲ ਮਆਰਿਜ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 45 ਆਇਤਾਂ ਤੇ 2 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

੭੧ - ਸੂਰਤ-ਨੂਹ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 29 ਆਇਤਾਂ ਤੇ 2 ਰਕੂਅ ਹਨ।)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ ਉਸ (ਅੱਲਾਹ) ਨੇ ਚੰਨ ਨੂੰ ਉਹਨਾਂ (ਅਕਾਸ਼ਾਂ) ਵਿੱਚ ਚਾਨਣੀ ਦਾ ਕਾਰਣ ਬਣਾਇਆ ਤੇ ਤੇ ਸੂਰਜ ਨੂੰ ਅਕਾਸ਼ਾਂ ਵਿੱਚ ਇੱਕ ਦੀਵੇ ਦੇ ਰੂਪ ਵਿੱਚ ਸਾਜਿਆ ਹੈ।17

* ਅਤੇ ਅੱਲਾਹ ਨੇ ਤੁਹਾਨੂੰ ਧਰਤੀ ਵਿਚੋਂ ਸਾਜਿਆ ਹੈ ਤੇ ਚੰਗੀ ਤਰ੍ਹਾਂ ਸੁਆਰਿਆ ਹੈ।18

੭੨ - ਸੂਰਾਤੁਲ ਜਿਨ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 29 ਆਇਤਾਂ ਤੇ 2 ਰਕੂਅ ਹਨ)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ ਅਸਲੀਅਤ ਇਹ ਹੈ ਕਿ ਸਾਡਾ ਰੱਬ ਬਹੁਤ ਵੱਡੀ ਸ਼ਾਨ ਵਾਲਾ ਹੈ। ਉਸ ਦੀ ਨਾ ਤਾਂ ਕੋਈ ਪਤਨੀ ਹੈ ਤੇ ਨਾ ਹੀ ਕੋਈ ਸੰਤਾਨ ਹੈ।4
* ਅਤੇ ਜਿਹੜੇ ਜ਼ੁਲਮ ਕਮਾਉਂਦੇ ਹਨ, ਉਹੋ ਹੀ ਨਰਕਾਂ ਦਾ ਬਾਲਣ ਬਣਦੇ ਹਨ।16
* ਅਤੇ ਜਿਹੜਾ ਵੀ ਆਪਣੇ ਰੱਬ ਦੇ ਸਿਮਰਨ ਤੋਂ ਮੂੰਹ ਮੋੜਦਾ ਹੈ, ਉਹ (ਅੱਲਾਹ) ਉਸ ਨੂੰ ਅਜਿਹੇ ਅਜ਼ਾਬ ਦੇ ਰਾਹ ਤੇ ਚਲਾਉਂਦਾ ਹੈ, ਜੋ ਵੱਧਦਾ ਹੀ ਜਾਂਦਾ ਹੈ।18
* ਤੂੰ ਇਹ ਕਹਿ ਦੇ ਕਿ ਮੈਂ ਤਾਂ ਕੇਵਲ ਆਪਣੇ ਰੱਬ ਦੀ ਹੀ ਬੰਦਗੀ ਕਰਦਾ ਹਾਂ ਅਤੇ ਕਿਸੇ ਨੂੰ (ਵੀ) ਉਸ ਦੀ ਬਰਾਬਰੀ ਨਹੀਂ ਦਿੰਦਾ। 21

੭੩ - ਸੂਰਾਤੁਲ ਮੁਜ਼ੱਮਿਲ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 21 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਤੂੰ ਰਾਤਾਂ ਨੂੰ ਉੱਠ ਉੱਠ ਕੇ ਇਬਾਦਤ ਕੀਤਾ ਕਰ।3
* ਉਹ ਪੂਰਬ ਦਾ ਵੀ ਰੱਬ ਹੈ ਤੇ ਪੱਛਮ ਦਾ ਵੀ ਰੱਬ ਹੈ।10

੭੪ - ਸੂਰਾਤੁਲ ਮੁਦੱਸਿਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 57 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ ਆਪਣੇ ਰੱਬ ਦੀ ਵਡਿਆਈ ਕਰ।4

੭੫ - ਸੂਰਾਤੁਲ ਕਯਾਮਤ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 41 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਸਲੀਅਤ ਇਹ ਹੈ ਕਿ ਮਨੁੱਖ ਆਪਣੇ ਆਪ ਨੂੰ ਚੰਗੀ ਤਰ੍ਹਾਂ ਵੇਖ ਰਿਹਾ ਹੈ।15

੭੬-ਸੂਰਾਤੂ ਦੱਹਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 32 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।
* ਅਸੀਂ ਉਸ ਦੀ ਯੋਗਤਾ ਅਨੁਸਾਰ ਮਾਰਗ ਦੱਸ ਦਿੱਤਾ ਹੈ, ਹੁਣ ਭਾਵੇਂ ਉਹ ਸ਼ੁਕਰ ਕਰੇ ਤੇ ਭਾਵੇਂ ਅਵਗਿਆ ਕਰੇ।4
* ਅੱਲਾਹ ਦੇ ਨੇਕ ਬੰਦੇ ਅਜਿਹੇ ਪਿਆਲੇ ਪੀਣਗੇ, ਜਿਨ੍ਹਾਂ ਵਿੱਚ ਕਾਫ਼ੂਰ ਦਾ ਤੱਤ ਮਿਲਿਆ ਹੋਵੇਗਾ।6
* ਅਸੀਂ ਤਾ ਤੁਹਾਨੂੰ ਕੇਵਲ ਅੱਲਾਹ ਦੀ ਰਜ਼ਾ ਪ੍ਰਾਪਤ ਕਰਨ ਲਈ ਭੋਜਨ ਖੁਆਉਂਦੇ ਹਾਂ।10
* ਅਤੇ ਆਪਣੇ ਰੱਬ ਦਾ ਸਵੇਰ-ਸ਼ਾਮ ਸਿਮਰਣ ਕੀਤਾ ਕਰ। 26
* ਅਤੇ ਰਾਤ ਦੇ ਸਮੇਂ ਵੀ ਉਸ ਦੇ ਹਜ਼ੂਰ ਸੱਜਦਾ ਕੀਤਾ ਕਰ ਅਤੇ ਰਾਤ ਨੂੰ ਚਿਰ ਤੱਕ ਉਸ ਦਾ ਸਿਮਰਨ ਕੀਤਾ ਕਰ। 27
* ਇਹ ਇੱਕ ਉਪਦੇਸ਼ ਹੈ। ਸੋ ਜਿਹੜਾ ਚਾਹੇ ਆਪਣੇ ਰੱਬ ਵੱਲ ਜਾਣ ਵਾਲਾ ਮਾਰਗ ਧਾਰਨ ਕਰ ਲਏ।30
* ਉਸ ਜਿਸ ਨੂੰ ਯੋਗ ਸਮਝਦਾ ਹੈ, ਆਪਣੀ ਮਿਹਰ ਦਾ ਭਾਗੀ ਬਣਾ ਦਿੰਦਾ ਹੈ ਅਤੇ ਜ਼ਾਲਮਾਂ ਲਈ ਤਾਂ ਉਸ ਨੇ ਘੋਰ ਅਜ਼ਾਬ ਹੀ ਨੀਅਤ ਕੀਤਾ ਹੋਇਆ ਹੈ।32 (ਰਕੂਅ-2/10)

੭੭ - ਸੂਰਾਤੁਲ ਮੁਰਸਲਾਤ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 51 ਆਇਤਾਂ ਤੇ 2 ਰਕੂਅ ਹਨ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਅਤੇ ਸੱਚ-ਝੂਠ ਦਾ ਨਿਤਾਰਾ ਕਰਨ ਵਾਲੀਆਂ ਹਸਤੀਆਂ ਨੂੰ।5
* ਉਸ ਦਿਨ ਝੂਠਿਆਂ ਉੱਤੇ ਤਬਾਹੀ ਆਏਗੀ।25
* ਇੱਕੋ ਇੱਕ ਅੱਲਾਹ ਦੇ ਪੁਜਾਰੀ ਬਣ ਜਾਓ ਤਾਂ ਉਹ ਇਸ ਤੌਹੀਦ ਤੇ ਦ੍ਰਿੜ ਨਹੀਂ ਹੁੰਦੇ।49

੭੮ - ਸੂਰਾਤੁ ਨੱਬਾ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 41 ਆਇਤਾਂ ਤੇ 2 ਰਕੂਅ ਹਨ)

✱ ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

✱ ਅਤੇ ਅਸੀਂ ਤੁਹਾਡ਼ੀ ਨੀਂਦ ਨੂੰ ਸੁੱਖ ਦਾ ਸਾਧਨ ਬਣਾਇਆ ਹੈ।10

✱ ਅਤੇ ਰਾਤ ਨੂੰ ਪੜਦੇ ਕੱਜਣ ਵਾਲੀ ਬਣਾਇਆ ਹੈ।11

✱ ਅਤੇ ਦਿਨ ਨੂੰ ਜੀਵਨ (ਪਰਗਟ ਕਰਨ) ਦਾ ਕਾਰਣ ਬਣਾਇਆ ਹੈ।12

✱ ਅਤੇ ਅਸੀਂ ਹੀ ਇਹ ਲਿਸ਼ਕਾਰੇ ਮਾਰਦਾ ਸੂਰਜ ਬਣਾਇਆ ਹੈ।14

੭੯ - ਸੂਰਾਤੁ ਨਾੱਜ਼ਿਆਤ

(ਇਹ ਸੂਰਤ ਮੱਕੀ ਹੈ। ਇਸਦੀਆਂ ਬਿਸਮਿੱਲਾ ਸਣੇ 47 ਆਇਤਾਂ ਤੇ 2 ਰਕੂਅ ਹਨ)

✱ ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

✱ ਮੈਂ ਉਹਨਾਂ (ਹਸਤੀਆਂ) ਨੂੰ ਗਵਾਹੀ ਵਜੋਂ ਪੇਸ਼ ਕਰਦਾ ਹਾਂ, ਜੋ ਪੂਰੇ ਧਿਆਨ ਨਾਲ ਧਾਰਮਿਕ ਵਿੱਦਿਆ ਨੂੰ ਖਿੱਚਦੀਆਂ ਹਨ।2

✱ ਫਿਰ ਉਸ (ਧਰਤੀ) ਵਿਚੋਂ ਉਸ ਦਾ ਜਲ ਤੇ ਅੰਨ ਕੱਢਿਆ ਹੈ।32

✱ ਬੱਸ, ਜਦ ਵੱਡੀ ਬਿਪਤਾ ਆਵੇਗੀ।35

✱ ਜਦ ਮਨੁੱਖ ਆਪਣੇ ਕੀਤੇ ਨੂੰ ਯਾਦ ਕਰੇਗਾ।36

✱ ਅਤੇ ਜਿਸ ਨੇ ਆਪਣੇ ਰੱਬ ਦੀ ਸ਼ਾਨ ਦਾ ਖ਼ੌਫ ਕੀਤਾ ਅਤੇ ਆਪਣੇ ਮਨ ਨੂੰ ਕੁਕਰਮਾਂ ਤੋਂ ਰੋਕ ਲਿਆ।41

੮੦ - ਸੂਰਤ ਅਬਸ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 43 ਆਇਤਾਂ ਤੇ 1 ਰਕੂਅ ਹੈ।)

✱ ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

✱ (ਅਜਿਹਾ) ਕਦੇ ਨਹੀਂ ਹੋ ਸਕਦਾ (ਇਹ ਸਾਰੀਆਂ ਨਿਰਮੂਲ ਊਜਾਂ ਹਨ) ਬੇਸ਼ੱਕ (ਕੁਰਾਨ) ਤਾਂ ਇੱਕ ਉਪਦੇਸ਼ ਹੈ।(ਇਸ ਦੇ ਨਾਲ ਤਲਵਾਰ ਨਹੀਂ ਉਤਾਰੀ ਗਈ ਕਿ ਤੂੰ ਲੋਕਾਂ ਨੂੰ ਮੁਸਲਮਾਨ ਹੋਣ ਤੇ ਮਜ਼ਬੂਰ ਹੋਵੇ)12

✱ ਸੋ ਜਿਹੜਾ ਯੋਗ ਸਮਝਦਾ ਹੈ, ਇਸ ਨੂੰ ਆਪਣੇ ਮਨ ਵਿੱਚ ਥਾਂ ਦੇ ਸਕਦਾ ਹੈ।13

੮੧-ਸੂਰਾਤੁ ਤੱਕਵੀਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 30 ਆਇਤਾਂ ਤੇ 1 ਰਕੂਅ ਹੈ।)

- ✱ ਮੈਂ ਅਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
- ✱ ਅਤੇ ਜਦ ਅੱਡ ਅੱਡ ਜੀਅ-ਜੰਤ ਇਕੱਤਰ ਕੀਤੇ ਜਾਣਗੇ।8
- ✱ ਇਹ ਤਾਂ ਕੇਵਲ ਸਾਰੇ ਜਹਾਨਾਂ ਵਾਸਤੇ ਇਕ ਉਪਦੇਸ਼ ਹੈ।28
- ✱ ਅਤੇ ਤੁਸੀਂ ਉਹੋ ਕੁਝ ਹੀ ਇੱਛਾ ਕਰ ਸਕਦੇ ਹੋ, ਜੋ ਸਾਰੇ ਜਹਾਨਾਂ ਦੇ ਰੱਬ ਦਾ ਭਾਣਾ ਹੋਵੇ। 30 (ਰਕੂਅ – 1/6)

੮੨ - ਸੂਰਾਤੁਲ ਇਨਫ਼ਿਤਾਰ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 20 ਆਇਤਾਂ ਤੇ ਇੱਕ ਰਕੂਅ ਹੈ)

- ✱ ਮੈਂ ਸ਼ੁਰੂ ਕਰਦਾ ਹਾ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
- ✱ ਬੇਸ਼ੱਕ ਨੇਕੀ ਵਿੱਚ ਵੱਧਣ ਵਾਲੇ ਲੋਕ (ਸਦਾ ਅੱਲਾਹ ਦੇ) ਇਨਾਮ ਦੇ ਭਾਗੀ ਹੋਣਗੇ।14
- ✱ ਉਸ ਦਿਨ ਸਾਰਾ ਫ਼ੈਸਲਾ ਅੱਲਾਹ ਦੇ ਹੱਥ ਹੀ ਹੋਵੇਗਾ।20 (ਰਕੂਅ–1/7)

੮੩-ਸੂਰਾਤੁਲ ਮੁਤਫ਼ਿੱਫ਼ੀਨ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 37 ਆਇਤਾਂ ਤੇ 1 ਰਕੂਅ ਹੈ)

- ✱ ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
- ✱ ਸੌਦਾ ਵੇਚਣ ਸਮੇਂ ਘੱਟ ਤੋਲਣ ਵਾਲਿਆਂ ਲਈ ਅਜ਼ਾਬ ਹੈ।2
- ✱ ਭਲਾਈ ਵਿੱਚ ਵਧੇ ਹੋਏ ਲੋਕ ਨਿਰਸੰਦੇਹ (ਅੱਲਾਹ ਦੇ) ਇਨਾਮ ਦੇ ਭਾਗੀ ਹੋਣਗੇ।23

੮੪ - ਸੂਰਾਤੁਲ ਇਨਸ਼ਿਕਾਕ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 26 ਆਇਤਾਂ ਤੇ 1 ਰਕੂਅ ਹੈ)

- ✱ ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

* ਅਤੇ ਆਪਣੇ ਰੱਬ ਦੀ ਗੱਲ ਸੁਣਨ ਲਈ ਕੰਨ ਧਰੇਗਾ ਅਤੇ ਇਹੋ ਹੀ ਉਸ ਦਾ ਫਰਜ਼ ਹੈ।3
* ਅਤੇ ਜਦ ਧਰਤੀ ਪਸਾਰ ਦਿੱਤੀ ਜਾਏਗੀ।4
* ਹੇ ਮਨੁੱਖ! ਤੂੰ ਆਪਣੇ ਰੱਬ ਵੱਲ ਪੂਰਾ ਜ਼ੋਰ ਲਾ ਕੇ ਜਾਣ ਵਾਲਾ ਹੈ ਤੇ ਫਿਰ ਉਸ ਨੂੰ ਮਿਲਣ ਵਾਲਾ ਹੈਂ।7
* ਬੱਸ, ਜਿਸ ਦੇ ਸੱਜੇ ਹੱਥ ਵਿੱਚ ਉਸ ਦਾ ਕਰਣੀਨਾਮਾ ਦਿੱਤਾ ਜਾਏਗਾ।8
* ਉਹ ਆਪਣੇ ਪਰਿਵਾਰ ਵਿੱਚ ਰੰਗ-ਰਲੀਆਂ ਮਾਣਿਆ ਕਰਦਾ ਸੀ।14
* ਪਰ ਉਹ ਲੋਕ ਜੋ ਮੋਮਨ ਹਨ ਤੇ ਯਥਾਯੋਗ ਸ਼ੁਭ ਕਰਮ ਕਰਦੇ ਹਨ, ਉਹਨਾਂ ਨੂੰ ਕਦੇ ਨਾ ਮੁੱਕਣ ਵਾਲਾ ਫਲ ਮਿਲੇਗਾ।26 (ਰਕੂਅ-1/9)

੮੫ - ਸੂਰਾਤੁਲ ਬੁਰੂਜ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 23 ਆਇਤਾਂ ਤੇ 1 ਰਕੂਅ ਹੈ)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਹ ਅੱਲਾਹ, ਜੋ ਸਾਰੇ ਅਕਾਸ਼ਾਂ ਤੇ ਧਰਤੀ ਦਾ ਪਾਤਸ਼ਾਹ ਹੈ, ਅਤੇ ਅੱਲਾਹ ਹਰੇਕ ਚੀਜ਼ ਦਾ ਨਿਗਰਾਨ ਹੈ।10
* ਉਹ ਸਤਿਕਾਰ ਭਰੇ ਅਰਸ਼ ਦਾ ਮਾਲਕ ਹੈ।16
* ਜਿਸ ਗੱਲ ਦੀ ਇੱਛਾ ਕਰਦਾ ਹੈ, ਉਸ ਨੂੰ ਕਰ ਕੇ ਹੀ ਰਹਿੰਦਾ ਹੈ। 17

੮੬ - ਸੂਰਾਤੁ ਤੱਾਰਿਕ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 18 ਆਇਤਾਂ ਤੇ ਇੱਕ ਰਕੂਅ ਹੈ)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਮੈਂ ਅਕਾਸ਼ ਨੂੰ ਤੇ ਸਵੇਰ ਦੇ ਤਾਰੇ ਨੂੰ ਗਵਾਹੀ ਵੱਜੋਂ ਪੇਸ਼ ਕਰਦਾ ਹਾਂ।2
* ਉਹ ਤਾਰਾ, ਜੋ ਵੱਡਾ ਲਿਸ਼ਕਦਾ ਹੈ।4
* ਕੋਈ ਜਿੰਦ ਨਹੀਂ, ਜਿਸ 'ਤੇ (ਅੱਲਾਹ ਵੱਲੋਂ) ਇਕ ਨਿਗਰਾਨ ਨੀਅਤ ਨਾ ਹੋਵੇ।5
* ਸੋ ਮਨੁੱਖ ਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਉਹ ਕਿਸ ਚੀਜ਼ ਤੋਂ ਸਾਜਿਆ ਗਿਆ ਹੈ?6
* ਉਹ (ਅੱਲਾਹ) ਉਸ ਦੇ ਮੁੜ ਸੁਰਜੀਤ ਕਰਨ ਤੇ ਵੀ ਸਮੱਰਥ ਹੈ।9

* ਅਤੇ ਇਸ ਧਰਤੀ ਨੂੰ ਵੀ ਗਵਾਹੀ ਵੱਜੋਂ ਪੇਸ਼ ਕਰਦਾ ਹਾਂ, ਜੋ ਮੀਂਹ ਵਰਣ ਮਗਰੋਂ ਪਾਟ ਕੇ ਹਰਿਆਵਲ ਉਗਾਉਂਦੀ ਹੈ। 13

੮੭ - ਸੂਰਾਤੁਲ ਆਅਲਾ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 20 ਆਇਤਾਂ ਤੇ ਇਕ ਰਕੂਅ ਹੈ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1
* ਆਪਣੇ ਅਗਮ ਅਗੋਚਰ ਰੱਬ ਦੇ ਨਾਂ ਦਾ ਬੇ-ਐਬ ਹੋਣਾ ਵਰਣਨ ਕਰਦਾ ਰਹੋ। 2
* ਜਿਸ ਨੇ ਮਨੁੱਖ ਨੂੰ ਪੈਦਾ ਕੀਤਾ ਅਤੇ ਬੇ-ਐਬ ਬਣਾਇਆ ਹੈ। 3
* ਜੋ (ਅੱਲਾਹ ਤੋਂ) ਡਰਦਾ ਹੈ, ਉਹ ਨਿਰਸੰਦੇਹ ਨਸੀਹਤ ਪ੍ਰਾਪਤ ਕਰੇਗਾ। 11
* ਜੋ ਪਵਿੱਤਰਤਾ ਧਾਰਨ ਕਰੇਗਾ, ਉਹ ਜ਼ਰੂਰ ਸਫ਼ਲ ਹੋਵੇਗਾ। 15
* ਪਰ ਜੇ ਉਹ ਆਪਣੇ ਰੱਬ ਦਾ ਸਿਮਰਨ ਵੀ ਕਰਦਾ ਹੋਵੇ ਤੇ ਨਮਾਜ਼ ਵੀ ਪੜ੍ਹਦਾ ਰਿਹਾ ਹੋਵੇ। 16

੮੮ - ਸੂਰਾਤੁਲ ਗ਼ਾਸ਼ਿਯਹ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 27 ਆਇਤਾਂ ਤੇ ਇਕ ਰਕੂਅ ਹੈ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।
* ਕਿ ਉਹ ਬੱਦਲਾਂ ਵੱਲ ਨਹੀਂ ਵੇਖਦੇ ਕਿ ਉਹ ਕਿਵੇਂ ਸਾਜੇ ਗਏ ਹਨ?18
* ਅਤੇ ਅਕਾਸ਼ ਵੱਲ, ਉਸ ਨੂੰ ਕਿਵੇਂ ਉੱਚਾ ਕੀਤਾ ਗਿਆ ਹੈ। 19
* ਸੋ ਤੂੰ ਉਪਦੇਸ਼ ਕਰਦਾ ਰਹੋ। ਤੂੰ ਤਾਂ ਕੇਵਲ ਇਕ ਉਪਦੇਸ਼ਕ ਹੀ ਹੈਂ। 22
* ਅੱਲਾਹ ਉਸ ਨੂੰ ਵੱਡਾ ਅਜ਼ਾਬ ਦੇਵੇਗਾ। 25

੮੯ - ਸੂਰਾਤੁਲ ਫ਼ਜਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 31 ਆਇਤਾਂ ਅਤੇ ਇੱਕ ਰਕੂਅ ਹੈ)

* ਮੈਂ ਸ਼ੁਰੂ ਕਰਦਾ ਹਾਂ ਅੱਲਾਹ ਦੇ ਨਾਂ ਤੋਂ ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1
* ਸੋ ਤੇਰੇ ਰੱਬ ਨੇ ਉਹਨਾਂ ਨੂੰ ਅਜ਼ਾਬ ਦਾ ਕੋਰੜਾ ਮਾਰਿਆ ਸੀ। 14
* ਸੋ ਰਤਾ ਮਨੁੱਖ ਦੀ ਹਾਲਤ ਵੱਲ ਤਾਂ ਵੇਖ ਕਿ ਜਦ ਉਸ ਦਾ ਰੱਬ ਉਸ ਦੀ

ਪਰਖ ਕਰਦਾ ਹੈ ਅਤੇ ਉਸ ਉੱਤੇ ਮਿਹਰ ਕਰਦਾ ਹੈ, ਤਾਂ ਉਹ ਇਹ ਕਹਿੰਦਾ ਹੈ ਕਿ ਮੇਰੇ ਰੱਬ ਨੇ ਮੇਰਾ ਸਤਿਕਾਰ ਕੀਤਾ ਹੈ। 16

* ਅਤੇ ਵਿਰਸੇ ਦਾ ਸਾਰਾ ਧਨ ਰੰਗ-ਰਲੀਆਂ ਮਾਣਨ ਵਿੱਚ ਹੀ ਉਡਾ ਦਿੰਦੇ ਸੀ। 20
* ਅਤੇ ਤੁਸੀਂ ਧਨ ਨਾਲ ਅਤਿ ਪ੍ਰੇਮ ਕਰਦੇ ਸੀ। 21
* ਉਹ ਇਹ ਕਹੇਗਾ ਕਿ ਕਾਸ਼, ਮੈਂ ਆਪਣੇ ਇਸ ਜੀਵਨ ਵਾਸਤੇ ਕੁੱਝ ਅੱਗੇ ਭੇਜਿਆ ਹੁੰਦਾ। 25
* ਆਪਣੇ ਰੱਬ ਵੱਲ ਪਰਤ ਆ। ਤੂੰ ਉਸ ਦਾ ਪ੍ਰੇਮੀ ਵੀ ਹੈਂ ਤੇ ਪ੍ਰੀਤਮ ਵੀ ਹੈਂ।29
* ਸੋ ਭਗਤ ਜਨਾਂ ਨਾਲ ਰਲ ਜਾ। 30
* ਅਤੇ - (ਆ) ਮੇਰੇ ਸਵਰਗ ਨੂੰ ਪ੍ਰਾਪਤ ਹੋ ਜਾ। 31 (ਰਕੂਅ- 1/4)

੯੦ - ਸੂਰਾਤੁਲ ਬਲਦ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 21 ਆਇਤਾਂ ਅਤੇ ਇੱਕ ਰਕੂਅ ਹੈ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਬੇਸ਼ੱਕ ਅਸੀਂ ਮਨੁੱਖ ਨੂੰ ਵੱਡੀਆਂ ਘਾਲਣਾਂ ਘਾਲਣ ਵਾਲਾ ਬਣਾਇਆ ਹੈ।5
* ਕੀ ਅਸੀਂ ਉਸ ਲਈ ਦੋ ਅੱਖਾਂ ਨਹੀਂ ਬਣਾਈਆਂ ਹਨ।9
* ਅਤੇ ਜੀਭ੍ਹਾਂ ਵੀ ਤੇ ਦੋ ਬੁੱਲ੍ਹ ਵੀ ਨਹੀਂ ਬਣਾਏ।10
* ਅਤੇ ਅਸੀਂ ਉਸ ਨੂੰ (ਸੁਮਾਰਗ ਤੇ ਕੁਮਾਰਗ ਦੇ) ਦੋ ਰਾਹ ਵੀ ਦੱਸ ਦਿੱਤੇ ਹਨ।11
* (ਸਿਖ਼ਰ ਤੇ ਪੁੱਜਣਾ ਗ਼ੁਲਾਮ ਨੂੰ) ਆਜ਼ਾਦ ਕਰਨਾ ਹੈ।14
* ਜਾਂ ਕਾਲ ਦੇ ਸਮੇਂ (ਭੁੱਖਿਆ ਨੂੰ) ਪ੍ਰਸ਼ਾਦੇ ਛਕਾਉਣਾ ਹੈ।15
* ਅਨਾਥ ਨੂੰ ਜੋ ਨਜ਼ਦੀਕੀ ਹੋਵੇ।16
* ਜਾਂ ਨਿਰਧਨ ਨੂੰ - ਜੋ ਧਰਤੀ ਤੇ ਰੁੱਲ ਰਿਹਾ ਹੋਵੇ।17

੯੧ - ਸੂਰਾਤੁ ਸ਼ੱਮਸ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 16 ਆਇਤਾਂ ਅਤੇ 1 ਰਕੂਅ ਹੈ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

* ਮੈਂ ਸੂਰਜ ਨੂੰ ਤੇ 'ਜ਼ੁਹਾ' ਦੇ ਸਮੇਂ ਨੂੰ ਗਵਾਹੀ ਵਜੋਂ ਪੇਸ਼ ਕਰਦਾ ਹਾਂ, ਜਦ ਉਹ ਉਦੈ ਹੋਣ ਮਗਰੋਂ ਉੱਚਾ ਹੋ ਜਾਂਦਾ ਹੈ।2
* ਅਤੇ ਚੰਨ ਨੂੰ ਜਦ ਉਹ (ਸੂਰਜ) ਦੇ ਪਿੱਛੇ ਆਉਂਦਾ ਹੈ।3
* ਅਤੇ ਦਿਨ ਨੂੰ ਜਦ ਉਹ ਇਸ (ਸੂਰਜ) ਨੂੰ ਪਰਗਟ ਕਰ ਦਿੰਦਾ ਹੈ।4
* ਅਤੇ ਰਾਤ ਨੂੰ ਵੀ ਜਦ ਕਿ ਉਹ ਉਸ (ਸੂਰਜ) ਦੇ ਚਾਨਣੇ ਨੂੰ ਅੱਖਾਂ ਤੋਂ ਉਹਲੇ ਕਰ ਦਿੰਦੀ ਹੈ।5
* ਅਤੇ ਅਕਾਸ਼ ਨੂੰ ਤੇ ਉਸ ਦੇ ਬਣਾਏ ਜਾਣ ਨੂੰ ਵੀ।6

੯੨ - ਸੂਰਾਤੁਲ ਲੈਲ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 22 ਆਇਤਾਂ ਅਤੇ 1 ਰਕੂਅ ਹੈ)

* ਮੈਂ ਅੱਲਾਹ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਮੈਂ ਰਾਤ ਨੂੰ ਗਵਾਹੀ ਵੱਜੋਂ ਪੇਸ਼ ਕਰਦਾ ਹਾਂ, ਜਦ ਉਹ ਢੱਕ ਲੈਂਦੀ ਹੈ।2
* ਅਤੇ ਦਿਨ ਨੂੰ ਵੀ, ਜਦ ਉਹ ਚੰਗੀ ਤਰ੍ਹਾਂ ਪ੍ਰਕਾਸ਼ਮਈ ਹੋ ਜਾਂਦਾ ਹੈ।3
* ਅਤੇ ਨਰ ਤੇ ਮਾਦਾ ਦੀ ਰਚਨਾ ਨੂੰ ਵੀ (ਗਵਾਹੀ ਵਜੋਂ ਪੇਸ਼ ਕਰਦਾ ਹਾਂ)।4
* ਸੋ ਜਿਸ ਨੇ (ਅੱਲਾਹ ਨੂੰ ਲੇਖੇ) ਦਿੱਤਾ ਹੈ ਤੇ ਸੰਜਮਤਾ (ਧਾਰਨ) ਕੀਤੀ ਹੈ।6
* ਸੋਹਣੀ ਗੱਲ ਦੀ ਪੁਸ਼ਟੀ ਕੀਤੀ ਹੈ।7
* ਬੇਸ਼ਕ ਸੁਮਾਰਗ ਦੱਸਣਾ ਸਾਡੇ ਹੀ ਜ਼ਿੰਮੇ ਹੈ।13
* ਅਤੇ ਹਰੇਕ ਗੱਲ ਦਾ ਆਦਿ ਤੇ ਅੰਤ ਸਾਡੇ ਹੀ ਅਧਿਕਾਰ ਵਿੱਚ ਹੈ।14
* ਜੋ ਆਪਣਾ ਧਨ ਅੱਲਾਹ ਦੇ ਰਾਹ ਵਿੱਚ ਭੇਟ ਕਰਦਾ ਹੈ ਕਿ (ਉਸ ਨਾਲ) ਸੁੱਚਤਾ ਪ੍ਰਾਪਤ ਕਰ ਸਕੇ।19
* ਹਾਂ ਪਰ ਆਪਣੇ ਵੱਡੀ ਵਡਿਆਈ ਵਾਲੇ ਰੱਬ ਦੀ ਪ੍ਰਸੰਨਤਾ ਪ੍ਰਾਪਤ ਕਰਨਾ (ਉਸ ਦਾ ਮਨੋਰਥ ਹੁੰਦਾ ਹੈ) 21
* ਉਹ (ਪ੍ਰਮਾਤਮਾ) ਉਸ ਤੇ ਜ਼ਰੂਰ ਰਾਜ਼ੀ ਹੋ ਜਾਏਗਾ। 22 (ਰਕੂਅ-1/17)

੯੩ - ਸੂਰਾਤੁ ਜ਼ੁੱਹਾ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 12 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਮੈਂ ਦਿਨ ਨੂੰ ਗਵਾਹੀ ਵੱਜੋਂ ਪੇਸ਼ ਕਰਦਾ ਹਾਂ, ਜਦ ਕਿ ਉਹ ਪ੍ਰਕਾਸ਼ਮਈ ਹੋ ਜਾਂਦਾ ਹੈ।2

* ਅਤੇ ਰਾਤ ਨੂੰ, ਜਦ ਕਿ ਉਸ ਦਾ ਅੰਨ੍ਹੇਰਾ ਚਾਰੇ ਪਾਸੇ ਪੱਸਰ ਜਾਂਦਾ ਹੈ।3
* ਕਿ ਨਾ ਤੇਰੇ ਰੱਬ ਨੇ ਤੇਰਾ ਤਿਆਗ ਕੀਤਾ ਹੈਂ ਤੇ ਨਾ ਤੇਰੇ ਤੇਂ (ਕਦੇ) ਗੁੱਸੇ ਹੋਇਆ ਹੈ।4
* ਅਤੇ ਤੇਰਾ ਰੱਬ ਤੈਨੂੰ ਜ਼ਰੂਰ (ਉਹ ਕੁੱਝ) ਦੇ ਦੇਵੇਗਾ, ਜਿਸ ਤੇ ਤੂੰ ਵੱਡਾ ਖ਼ੁਸ਼ ਹੋ ਜਾਵੇਂਗਾ।6
* ਸੋ ਹੁਣ ਤੂੰ ਅਨਾਥਾਂ ਦਾ ਉਧਾਰ ਕਰਨ ਵਿੱਚ ਲੱਗਾ ਰਹੋ।10
* ਅਤੇ ਕਿਸੇ ਵੀ ਮੰਗਤੇ ਨੂੰ ਝਿੜਕ ਨਾ ਮਾਰੀਂ।11
* ਅਤੇ ਤੂੰ ਆਪਣੇ ਰੱਬ ਦੀ ਮਿਹਰ ਦਾ ਜ਼ਰੂਰ ਵਰਣਨ ਕਰਦਾ ਰਹੁ।12 (ਰਕੂਅ-1/18)
*

੯੪ - ਸੂਰਤ ਅਲਮ ਨਸ਼ਰਹ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 9 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾਂ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।
* ਸੋ ਜਦ ਤੈਨੂੰ ਵਿਹਲ ਮਿਲੇ, ਤਾਂ (ਅੱਲਾਹ ਦਾ ਨਿਕਟ ਵਰਤੀ ਬਣਨ ਲਈ) ਫ਼ਿਰ ਜਤਨ ਕਰਨ ਵਿੱਚ ਜੁੱਟ ਜਾ।8
* ਅਰਥਾਤ ਤੂੰ ਆਪਣੇ ਪ੍ਰਮਾਤਮਾ ਵੱਲ ਧਿਆਨ ਦਿੰਦਾ ਰਹੋ।9 (ਰਕੂਅ-1/19)

੯੫ - ਸੂਰਾਤੁ ਤੀਨ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 9 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਕੀ (ਹੁਣ ਵੀ ਕੋਈ ਇਹ ਵੀਚਾਰ ਕਰ ਸਕਦਾ ਹੈ ਕਿ) ਅੱਲਾਹ ਸਾਡੇ ਹਾਕਮਾਂ ਤੋਂ ਵੱਡਾ ਹਾਕਮ ਨਹੀਂ ਹੈ?9 (ਰਕੂਅ-1/20)

੯੬ - ਸੂਰਾਤੁਲ ਅਲਕ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 20 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਆਪਣੇ ਪ੍ਰਮਾਤਮਾ ਦਾ ਨਾਂ ਲੈ ਕੇ ਪੜ੍ਹ, ਜਿਸ ਨੇ (ਸਾਰੀਆਂ ਚੀਜ਼ਾਂ ਨੂੰ) ਸਾਜਿਆ ਹੈ।2

* ਅਤੇ ਮਨੁੱਖ ਨੂੰ ਇੱਕ ਲਹੂ ਦੇ ਲੋਥੜੇ ਤੋਂ ਸਾਜਿਆ ਹੈ।3
* ਉਹ (ਅੱਲਾਹ) ਜਿਸ ਨੇ ਕਲਮ ਰਾਹੀਂ ਵਿੱਦਿਆ ਸਿਖਾਈ।5
* ਉਸ ਨੇ ਮਨੁੱਖ ਨੂੰ (ਉਹ ਕੁੱਝ) ਸਿਖਾਇਆ ਹੈ, ਜਿਸ ਨੂੰ ਉਹ ਪਹਿਲਾਂ ਨਹੀਂ ਜਾਣਦਾ ਸੀ।6
* ਅਸਲੀਅਤ ਇਹ ਹੈ ਕਿ (ਸਾਰਿਆਂ ਨੇ) ਤੇਰੇ ਰੱਬ ਦੇ ਹਜ਼ੂਰ ਪਰਤ ਕੇ ਜਾਣਾ ਹੈ।9
* ਕੀ ਉਹ ਨਹੀਂ ਜਾਣਦਾ ਕਿ ਅੱਲਾਹ ਹਰੇਕ ਚੀਜ਼ ਦਾ ਜਾਣਨਹਾਰ ਹੈ।15
* ਕੇਵਲ ਆਪਣੇ ਰੱਬ ਦੀ ਹਜ਼ੂਰੀ ਵਿੱਚ ਸਜਦਾ ਕਰਿਆ ਕਰ।20 (ਰਕੂਅ-1/21)

੯੭ - ਸੂਰਾਤੁਲ ਕਦਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 6 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।

੯੮ - ਸੂਰਾਤੁਲ ਬਯੱਨਹ

(ਇਹ ਸੂਰਤ ਮਦਨੀ ਹੈ।ਇਸ ਦੀਆਂ ਬਿਸਮਿੱਲਾ ਸਣੇ 9 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਕੇਵਲ ਇੱਕੋ ਇੱਕ ਅੱਲਾਹ ਦੀ ਬੰਦਗੀ ਕੀਤਾ ਕਰਨ ਤੇ ਬੰਦਗੀ ਕੇਵਲ (ਅੱਲਾਹ) ਵਾਸਤੇ ਹੀ ਹੋਵੇ।6
* ਅੱਲਾਹ ਉਹਨਾਂ ਉੱਤੇ ਰਾਜ਼ੀ ਹੋ ਗਿਆ ਹੈ ਅਤੇ ਉਹ ਉਸ (ਅੱਲਾਹ) ਉੱਤੇ ਰਾਜ਼ੀ ਹੋ ਗਏ ਹਨ। ਇਹੋ (ਫਲ) ਉਸ ਦੀ ਸ਼ਾਨ ਦੇ ਅਨੁਕੂਲ ਹੈ, ਜੋ ਆਪਣੇ ਰੱਬ ਤੋਂ ਡਰਦਾ ਰਹਿੰਦਾ ਹੈ।9 (ਰਕੂਅ - 1/23)

੯੯ - ਸੂਰਾਤੁਲ ਜ਼ਿਲਜ਼ਾਲ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 9 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਜਦ ਸਾਰੀ ਧਰਤੀ ਨੂੰ ਪੂਰੀ ਤਰ੍ਹਾਂ ਹਲੂਣਾ ਦਿੱਤਾ ਜਾਏਗਾ।2

* ਇਸ ਲਈ ਤੇਰੇ ਰੱਬ ਨੇ ਇਸ (ਧਰਤੀ) ਬਾਰੇ ਅਕਾਸ਼ਬਾਣੀ ਕੀਤੀ ਹੋਈ ਹੈ।6
* ਸੋ ਜਿਸ ਨੇ ਇਕ ਰਾਈ ਜਿੰਨੀ ਵੀ ਭਲਾਈ ਕੀਤੀ ਹੋਵੇਗੀ, ਉਹ ਉਸ ਨੂੰ ਵੇਖ ਲਏਗਾ।8
* ਅਤੇ ਜਿਸ ਨੇ ਇਕ ਰਾਈ ਜਿੰਨੀ ਵੀ ਬੁਰਾਈ ਕੀਤੀ ਹੋਵੇਗੀ, ਉਹ ਉਸ (ਦੇ ਸਿੱਟੇ) ਨੂੰ ਵੇਖ ਲਏਗਾ।9 (ਰਕੂਅ - 1/24)
*

੧੦੦ - ਸੂਰਾਤੁਲ ਆਦਿਯਾਤ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 12 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਬੇਸ਼ੱਕ ਮਨੁੱਖ ਆਪਣੇ ਰੱਬ ਦਾ ਵੱਡਾ ਅਕ੍ਰਿਤਘਣ ਹੈ।7
* ਉਸ ਦਿਨ ਨਿਰਸੰਦੇਹ ਉਹਨਾਂ ਦਾ ਰੱਬ ਉਹਨਾਂ ਦੀ ਨਿਗਰਾਨੀ ਕਰੇਗਾ।12 (ਰਕੂਅ-1/25)

੧੦੧ - ਸੂਰਾਤੁਲ ਕਾਰਿਆ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 12 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਸ ਸਮੇਂ ਜਿਸ ਦੇ (ਸ਼ੁਭ) ਕਰਮਾਂ ਦੇ ਪੱਲੜੇ ਭਾਰੇ ਹੋਣਗੇ।7

੧੦੨ - ਸੂਰਾਤੁ ਤੱਕਾਸੁਰ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 9 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਤੁਹਾਨੂੰ ਇੱਕ ਦੂਜੇ ਤੋਂ ਅੱਗੇ ਵਧਣ ਦੀ ਇੱਛਾ ਨੇ ਬੇਪਰਵਾਹ ਕਰ ਦਿੱਤਾ ਹੈ।2

੧੦੩ - ਸੂਰਾਤੁਲ ਅਸਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 4 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

* ਜੋ ਸ਼ੁਭ ਕਰਮ ਕਰਦੇ ਹਨ ਅਤੇ ਸੱਚਾਈ ਦੇ ਅਸੂਲਾਂ ਉੱਤੇ ਦ੍ਰਿੜ ਰਹਿਣ ਦੀ ਇਕ ਦੂਜੇ ਨੂੰ ਪ੍ਰੇਰਨਾ ਦਿੰਦੇ ਰਹਿੰਦੇ ਹਨ ਅਤੇ ਔਕੜਾਂ ਸਾਮ੍ਹਣੇ ਆਉਣ ਤੇ ਸਬਰ ਤੋਂ ਕੰਮ ਲੈਣ ਦਾ ਇਕ ਦੂਜੇ ਨੂੰ ਉਪਦੇਸ਼ ਕਰਦੇ ਰਹਿੰਦੇ ਹਨ (ਉਹ ਲੋਕ ਕਦੇ ਵੀ ਘਾਟੇ ਵਿੱਚ ਨਹੀਂ ਰਹਿੰਦੇ)14 (ਰਕੂਅ - 1/28)

੧੦੪ - ਸੂਰਾਤੁਲ ਹੁਮਾਜ਼ਹ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 10 ਆਇਤਾਂ ਅਤੇ 1 ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਹਰੇਕ ਚੁਗਲਖੋਰ ਤੇ ਔਗੁਣ ਚਿਤਾਰਨ ਵਾਲੇ ਲਈ ਅਜ਼ਾਬ ਹੈ।2
* ਜੋ ਧਨ ਇਕੱਤਰ ਕਰਦਾ ਹੈ ਤੇ ਉਸ ਨੂੰ ਗਿਣਦਾ ਰਹਿੰਦਾ ਹੈ।3
* ਉਹ ਨਿਰਸੰਦੇਹ ਆਪਣੇ ਧਨ ਸਣੇ ਹੁਤਾਮਾ (ਨਰਕ) ਵਿੱਚ ਧੱਕਿਆ ਜਾਏਗਾ।5

੧੦੫ - ਸੂਰਾਤੁਲ ਫ਼ੀਲ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 6 ਆਇਤਾਂ ਅਤੇ ਇੱਕ ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
*

੧੦੬ - ਸੂਰਤ ਕੁਰੈਸ਼

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 5 ਆਇਤਾਂ ਅਤੇ ਇੱਕ ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਹਨਾਂ ਲਈ ਇਹ ਜ਼ਰੂਰੀ ਹੈ ਕਿ ਉਹ ਮਾਲਕ ਦੀ ਬੰਦਗੀ ਕਰਨ।4
* ਜਿਸ ਨੇ ਉਹਨਾਂ ਨੂੰ ਭੁੱਖ ਵਿੱਚ ਭੋਜਨ ਛਕਾਇਆ ਸੀ ਤੇ ਹਰੇਕ ਸਹਿਮ ਤੋਂ ਸ਼ਾਂਤੀ ਬਖ਼ਸ਼ੀ ਸੀ।5 (ਰਕੂਅ-1/31)

੧੦੭ - ਸੂਰਾਤੁਲ ਮਾਊਨ

(ਇਹ ਸੂਰਤ ਮੱਕੀ ਹੈ।ਇਸ ਦੀਆਂ ਬਿਸਮਿੱਲਾ ਸਣੇ 8 ਆਇਤਾਂ ਅਤੇ ਇਕ ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1

੧੦੮ – ਸੂਰਾਤੁਲ ਕੌਸਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 4 ਆਇਤਾਂ ਅਤੇ ਇਕ ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹੈ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਤੂੰ ਆਪਣੇ ਰੱਬ ਦੀ ਇਬਾਦਤ ਕਰਦ ਰਹੁ ਤੇ ਉਸ ਦੇ ਵਾਸਤੇ ਕੁਰਬਾਨੀਆਂ ਕਰਦਾ ਰਹੁ।3

੧੦੯ – ਸੂਰਾਤੁਲ ਕਾਫ਼ਿਰੂਨ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 7 ਆਇਤਾਂ ਅਤੇ ਇੱਕ ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਮੈਂ ਤੁਹਾਡੇ ਢੰਗ ਅਨੁਸਾਰ ਬੰਦਗੀ ਨਹੀਂ ਕਰ ਸਕਦਾ।3
* ਅਤੇ ਨਾ ਮੈਂ (ਉਹਨਾਂ ਦੀ) ਬੰਦਗੀ ਕਰ ਸਕਦਾ ਹਾਂ, ਜਿਨ੍ਹਾਂ ਦੀ ਤੁਸੀਂ ਬੰਦਗੀ ਕਰਦੇ ਹੋ।5
* ਤੁਹਾਡਾ ਦੀਨ ਤੁਹਾਡੇ ਲਈ ਹੈ ਤੇ ਮੇਰਾ ਧਰਮ ਮੇਰੇ ਲਈ ਹੈ।7 (ਰਕੂਅ–1/34)

੧੧੦ – ਸੂਰਾਤੁ ਨੱਸਰ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 4 ਆਇਤਾਂ ਅਤੇ ਇਕ ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਜਦ ਅੱਲਾਹ ਦੀ ਸਹਾਇਤਾ ਤੇ ਪੂਰਨ ਜਿੱਤ ਆ ਜਾਏਗੀ।2
* ਬੇਸ਼ੱਕ ਉਹ ਆਪਣੇ ਬੰਦਿਆਂ ਵੱਲ ਮੁੜ ਮੁੜ ਮਿਹਰ ਦੀ ਨਜ਼ਰ ਕਰਨ ਵਾਲਾ ਹੈ।4 (ਰਕੂਅ – 1/35)

੧੧੧ – ਸੂਰਾਤੁਲ ਲਹਬ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 6 ਆਇਤਾਂ ਅਤੇ ਇਕ ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ।1
* ਉਸ ਦਾ ਧਨ ਉਸ ਦੇ ਕਿਸੇ ਵੀ ਕੰਮ ਨਹੀਂ ਆਇਆ।3

੧੧੨ - ਸੂਰਾਤੁਲ ਇਖ਼ਲਾਸ

(ਇਹ ਸੂਰਤ ਮੱਕੀ ਹੈ। ਇਸ ਦੀਆਂ ਬਿਸਮਿੱਲਾ ਸਣੇ 5 ਆਇਤਾਂ ਅਤੇ ਇਕ ਰਕੂਅ ਹੈ)

* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1
* ਅੱਲਾਹ ਆਪਣੇ ਆਪ ਵਿੱਚ ਇਕੋ ਇਕ ਹੀ ਹੈ। 2
* ਪ੍ਰਮਾਤਮਾ ਉਹ ਹੈ, ਜਿਸ ਦੇ ਸਾਰੇ ਹੀ ਮੁਹਤਾਜ ਹਨ। 3
* ਨਾ ਉਸ ਨੇ ਕਿਸੇ ਨੂੰ ਜਣਿਆ ਹੈ ਤੇ ਨਾ ਉਹ ਆਪ ਜਾਣਿਆ ਗਿਆ ਹੈ। 4
* ਅਤੇ (ਉਸ ਦੀਆਂ ਸਿਫ਼ਤਾਂ ਤੇ ਗੁਣਾਂ ਵਿੱਚ) ਉਸ ਦਾ ਕੋਈ ਵੀ ਭਾਈਵਾਲ ਨਹੀਂ ਹੈ। 5 (ਰਕੂਅ-1/37)

੧੧੩ - ਸੂਰਾਤੁਲ ਫ਼ਲਕ


(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 6 ਆਇਤਾਂ ਅਤੇ ਇਕ ਰਕੂਅ ਹੈ)


* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1
* ਮੈਂ ਸਾਰੀ ਰਚਨਾ ਦੇ ਰੱਬ ਤੋਂ ਪਨਾਹ ਮੰਗਦਾ ਹਾਂ। 2


੧੧੪ - ਸੂਰਾਤੁ ਨਾੱਸ


(ਇਹ ਸੂਰਤ ਮਦਨੀ ਹੈ। ਇਸ ਦੀਆਂ ਬਿਸਮਿੱਲਾ ਸਣੇ 7 ਆਇਤਾਂ ਅਤੇ ਇੱਕ ਰਕੂਅ ਹੈ।)


* ਮੈਂ ਪ੍ਰਮਾਤਮਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ, ਜੋ ਬੜਾ ਦਿਆਲੂ ਅਤੇ ਕਿਰਪਾਲੂ ਹੈ। 1
* ਮੈਂ ਸਾਰੀ ਰਚਨਾ ਦੇ ਰੱਬ ਤੋਂ ਪਨਾਹ ਮੰਗਦਾ ਹਾਂ। 2
* (ਉਹ ਪ੍ਰਮਾਤਮਾ ਜੋ) ਸਾਰੇ ਮਨੁੱਖਾਂ ਦਾ ਪਾਤਸ਼ਾਹ ਵੀ ਹੈ। 3
* ਅਤੇ ਸਾਰੇ ਮਨੁੱਖਾਂ ਦਾ ਇਸ਼ਟ ਵੀ ਹੈ। 4



ਕੁਰਾਨ ਸ਼ਰੀਫ਼
ਦੀਆਂ ਗੁਰਬਾਣੀ
ਨਾਲ ਮਿਲਦੀਆਂ ਆਇਤਾਂ

































































































































































ਡਾ. ਜਸਬੀਰ ਸਿੰਘ ਸਰਨਾ ਲਿੱਖਤ ਪੁਸਤਕਾਂ

ਪੰਜਾਬੀ

1 ਸ਼ਬਦਨਾਮਾ- 1980
2 ਮੈਨੂੰ ਦੇ ਦਿਓ-1982
3 ਪ੍ਰਤੀਬਿੰਬ-1987
4 ਸੱਚ ਕੀ ਕਾਤੀ-1990 (ਜੰਮੂ ਕਸ਼ਮੀਰ ਅਕਾਦਮੀ ਵੱਲੋਂ ਪਹਿਲਾਂ ਇਨਾਮ)
5 ਸਹਿਜ-2009
6 ਨਾਮਾ-ਏ-ਜਸਬੀਰ ਸਿੰਘ-2015
7 ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ-1997 (ਪੰਜਾਬ ਸਰਕਾਰ ਵੱਲੋਂ ਪਹਿਲਾ ਇਨਾਮ)
8 ਬਾਜ਼ਨਾਮਾ (ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਤਵਾਰੀਖ)-1998, 2000, 2010, 2015
9 ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ-2001
10 ਗੁਰੂ ਹਰਿ ਰਾਇ ਸਾਹਿਬ-2002
11 ਗੁਰੂ ਹਰਿਕ੍ਰਿਸ਼ਨ ਸਾਹਿਬ-2003
12 ਜੰਮੂ ਕਸ਼ਮੀਰ ਦੇ ਇਤਿਹਾਸਿਕ ਗੁਰਦੁਆਰੇ-2005
13 ਸਿੱਖ ਇਤਿਹਾਸ ਦੇ ਮੁੱਢਲੇ ਫ਼ਾਰਸੀ ਅਤੇ ਉਰਦੂ ਸਰੋਤ-2008
14 ਕਸ਼ਮੀਰ ਦੇ ਜੰਗਲੀ ਫੁੱਲ-1998
15 ਜੰਮੂ ਕਸ਼ਮੀਰ ਦੇ ਅਨੋਖੇ ਪੰਛੀ ਅਤੇ ਜੰਗਲੀ ਜੀਵ-2007
16 ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ-2009,2015
17 ਕੇਸਰ ਦਾ ਫੁੱਲ-1990
18 ਸਿੱਖ ਚਿੰਤਨ-1994
19 ਇੱਕ ਮਹਿਕ ਦਾ ਸਫ਼ਰਨਾਮਾ-2001
20 ਸਾਹਿਤਕਧਾਰਾ-2001
21 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼-2007
22 ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ ਕੋਸ਼-2010
23 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਲੋਕਧਾਰਈ ਸੰਕੇਤਾਂ ਦਾ ਕੋਸ਼-2012
24 ਬਖਸ਼ ਰਚਨਾਵਲੀ (ਸੰ.) 2013,2015
25 ਗੁਰਦੁਆਰਾ ਕੋਸ਼-2003 (ਸਹਿ ਸੰ)
26 ਪੰਜਾਬੀ ਵਿਰਾਸਤ ਕੋਸ਼-2013
27 ਗੁਰੂ ਹਰਗੋਬਿੰਦ ਸਾਹਿਬ ਦੇ ਲਾਸਾਨੀ ਸਿੱਖ-2014
28 ਸਾਬਤ ਸੂਰਤਿ ਦਸਤਾਰ ਸਿਰਾ-2014
29 ਜੀਵਨੀ ਪਾਤਸ਼ਾਹੀ ਸੱਤਵੀਂ ਤੇ ਅੱਠਵੀਂ-2015
30 1947: ਘੱਲੂਘਾਰੇ ਦੀ ਕਵਿਤਾ-2016
31 ਸਰਦਾਰ ਹਰੀ ਸਿੰਘ ਨਲਵਾ: ਵਾਰਾਂ ਤੇ ਜੰਗਨਾਮੇ- 2016 (ਸਹਿ ਸੰ)
32 ਪਾਤਸ਼ਾਹੀ 10: ਵਿਚਾਰ ਕੋਸ਼-2017

33 ਪੰਜਾਬੀ ਲੋਕ ਗੀਤ-2018
34 ਲੇਖਕ ਅਨੁਕ੍ਰਮਣਿਕਾ ਵਿਸ਼ੇਸ਼ ਅੰਕ ਸ਼ੀਰਾਜ਼ਾ (ਸੰ)-2018
35 ਤੇਗ਼-ਇ-ਆਤਿਸ਼ਬਾਰ ਬਾਬਾ ਬੰਦਾ ਸਿੰਘ ਬਹਾਦਰ-2018
36 ਗੁਰਮੁਖੀ ਲਿਪੀ - 2018
37 ਕੁਰਾਨ ਸ਼ਰੀਫ ਦੀਆਂ ਗੁਰਬਾਣੀ ਨਾਲ ਮਿਲਦੀਆਂ ਆਇਤਾਂ- 2019
38. ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰ ਨਾਮਾਂ- 2019

English

39 The Sikhs in Kashmir-1993
40 The Sikh Shrines in Jammu and Kashmir-1994,2014
41 History of the Sikh Students Federation-1995
42 Flora and Fauna in Guru Nanak's Bani-1992,2018
43 A Select Bibliography of the Kashmir -2002
44 World Punjabi Writers Who's who-2004
45 Some Precious pages of the Sikh History-2011
46 Ancient Forts of J & K-2016
47 The Sikhs: Their kesh and Turban-2018
48 A brief history of Dera Santpura Danna Muzaffarabade- 2019



ਡਾ. ਜਸਬੀਰ ਸਿੰਘ ਸਰਨਾ

* ਇਹ ਨਿਵੇਕਲੀ ਪੁਸਤਕ ਨਾ ਕੇਵਲ ਦੋਹਾਂ ਧਰਮਾਂ ਵਿੱਚ 'ਮੁਹੱਬਤ, ਮਿੱਤਰਤਾ ਅਤੇ ਸਾਂਝੀਵਾਲਤਾ ਦਾ ਪੈਗ਼ਾਮ ਹੀ ਨਹੀਂ ਦੇਵੇਗੀ ਸਗੋਂ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਹੋਰ ਸਾਂਝ ਮਜ਼ਬੂਤ ਕਰੇਗੀ, ਇਹ ਮੇਰਾ ਵਿਸ਼ਵਾਸ ਹੈ। ਚੰਗਾ ਹੋਵੇ ਕਿ ਇਹ ਪੁਸਤਕ 'ਸ਼ਾਹਮੁੱਖੀ' ਵਿੱਚ ਵੀ ਛਾਪੀ ਜਾਵੇ ਤਾਂ ਜੋ ਮੁਸਲਮਾਨ ਤੇ ਹੋਰ ਪੰਜਾਬੀ ਪਿਆਰੇ ਜੋ ਕੇਵਲ ਸ਼ਾਹਮੁੱਖੀ ਹੀ ਜਾਣਦੇ ਹਨ। ਇਸ ਦੀ ਅਹਿਮੀਅਤ ਨੂੰ ਜਾਣ ਸਕਣ ਅਤੇ ਦੋਹਾਂ ਪੰਜਾਬਾਂ ਵਿੱਚ ਪਿਆਰ ਦੀ ਖੁਸ਼ਬੋਅ ਫੈਲ ਸਕੇ।

– ਡਾ. ਚਰਨਜੀਤ ਸਿੰਘ ਗੁਮਟਾਲਾ

* ਇਸ ਕਿਤਾਬ ਨੂੰ ਪੜ੍ਹ ਕੇ ਸਿੱਖ ਕੌਮ ਦੇ ਨਾਲ-ਨਾਲ ਮੁਸਲਮਾਨ ਪੜ੍ਹਿਆ ਲਿਖਿਆ ਤਬੱਕਾ ਵੀ ਇਸ ਗੱਲ ਤੇ ਮਜ਼ਬੂਰ ਹੋ ਜਾਏ ਤਾਂ ਕਿ ਉਹ ਦੋਵੇਂ ਧਰਮਾਂ ਵਿੱਚ ਸਾਂਝੀਵਾਲਤਾ ਦੀ ਬਹੁਤ ਗੱਲ ਏ।

– ਪ੍ਰੋ. ਕਲਿਆਣ ਸਿੰਘ ਕਲਿਆਣ

* ਸਾਰੇ ਧਰਮ ਇਸ ਲਈ ਚੰਗੇ ਹਨ ਕਿ ਜਦ ਵੀ ਪ੍ਰਮਾਤਮਾ ਦੇ ਅਵਤਾਰ ਨੇ ਕਿਸੇ ਧਰਮ ਦੀ ਨੀਂਹ ਰੱਖੀ ਤੇ ਉਹ ਸਿਰਫ਼ 'ਸਤਿ ਸ੍ਰੀ ਅਕਾਲ' ਦੇ ਸਿਧਾਂਤ ਦੇ ਉੱਤੇ ਰੱਖੀ ਗਈ।

ਮਸੂਦ ਚੌਧਰੀ

* ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਅਤੇ ਇਲਮ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਪਤਾ ਚਲਦਾ ਹੈ ਕਿ ਗੁਰੂ ਜੀ ਸੱਭ ਤੋਂ ਵੱਧ ਜ਼ੋਰ ਇਕ ਪ੍ਰਮਾਤਮਾ ਅਤੇ ਇੱਕ ਅੱਲਾਹ ਨੂੰ ਦਿਲ-ਵ-ਜਾਨ ਤੋਂ ਤਸਲੀਮ ਕਰ ਕੇ ਦਿੱਤਾ, ਜੋ ਵਾਕਿਆਂ ਹੀ ਬੇ-ਮਿਸਾਲ ਅਤੇ ਲਾਜਵਾਬ ਤਾਲੀਮ ਹੈ।

– ਪ੍ਰੋ. (ਡਾ.) ਮਹਿਮੂਦ ਅਲ.ਹਸਨ ਬਾਜ਼ਮੀ

* ਅੱਜ ਜਦੋਂ ਦੁਨੀਆਂ ਵਿੱਚ ਧਰਮਾਂ ਅੰਦਰ ਵੰਡ ਪਾਉਣ ਤੇ ਮਨੁੱਖਤਾ ਨੂੰ ਕੁਰਾਹੇ ਪਾਉਣ ਦੇ ਯਤਨ ਹੋ ਰਹੇ ਹਨ। ਉਨ੍ਹਾਂ ਵੇਲਿਆਂ ਅੰਦਰ ਅਜਿਹੀ ਪੁਸਤਕ ਦਾ ਆਉਣਾ ਦੁਨੀਆਂ ਅੰਦਰ ਅਮਨ ਦਾ ਝੰਡਾ ਝੁਲਾਣ ਵਾਲੀ ਗੱਲ ਹੈ।

–ਇਕਬਾਲ ਕੇਸਰ

Sant & Singh Publisher
ISBN 978-81-86741-40-5
9 788186 741405
sandspublisher@gmail.com
Price: ₹200